ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7I

awazeqaumtvpunjab@gmail.com

ਸ਼ੁੱਕਰਵਾਰ, 26 ਜੁਲਾਈ 2024 (ਨਾਨਕਸ਼ਾਹੀ ਸੰਮਤ : ੫੫੬, ੧੧ ਸਾਵਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਕੇਜਰੀਵਾਲ ਨੂੰ ਹਾਈ ਕੋਰਟ ਤੋਂ ਮਿਲੀ ਵੱਡੀ ਰਾਹਤ

**ਨਵੀਂ ਦਿੱਲੀ, 25 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਦਿੱਲੀ ਹਾਈ ਕੋਰਟ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ



ਨੂੰ ਰਾਹਤ ਦਿੰਦੇ ਹੋਏ ਤਿਹਾੜ ਜੇਲ੍ਹ 'ਚ ਬੰਦ ਰਹਿਣ ਦੌਰਨ ਆਪਣੇ ਵਕੀਲਾਂ ਦੇ ਨਾਲ ਦੋ ਵਾਧੂ ਮੁਲਾਕਾਤਾਂ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਜੱਜ ਨੀਨਾ ਬੰਸਲ ਕ੍ਰਿਸ਼ਨਾ ਨੇ ਇਹ ਹੁਕਮ ਸੁਣਾਉਂਦਿਆਂ ਕਿਹਾ ਕਿ ਵਿਸ਼ੇਸ਼ ਹਾਲਾਤਾਂ ਵਿਚ ਵਿਸ਼ੇਸ਼ ਉਪਾਵਾਂ ਦੀ ਲੋੜ ਹੁੰਦੀ ਹੈ। ਦੱਸ ਦੇਈਏ ਕਿ ਇਸ ਤੋਂ ਪਹਿਲਾਂ ਹੇਠਲੀ ਅਦਾਲਤ ਨੇ ਵਧੀਕ ਕਾਨੂੰਨੀ ਮੁਲਾਕਾਤ ਲਈ ਕੇਜਰੀਵਾਲ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਸੀ ਪਰ ਹਾਈ ਕੋਰਟ ਨੇ ਉਨ੍ਹਾਂ ਦੀ ਮੰਗ ਮੰਨ ਲਈ। ਕੇਜਰੀਵਾਲ ਨੂੰ ਹੁਣ ਤੱਕ ਕਥਿਤ ਆਬਕਾਰੀ ਘੁਟਾਲੇ ਦੇ ਮਾਮਲੇ ਵਿਚ ਜੇਲ੍ਹ ਨਿਯਮਾਂ ਅਨੁਸਾਰ ਹਫ਼ਤੇ ਵਿਚ ਦੋ ਵਾਰ ਆਪਣੇ ਵਕੀਲਾਂ ਨੂੰ ਮਿਲਣ ਦੀ ਇਜਾਜ਼ਤ ਦਿੱਤੀ ਜਾਂਦੀ ਸੀ। ਜਸਟਿਸ ਨੀਨਾ ਬਾਂਸਲ ਕ੍ਰਿਸ਼ਨਾ ਨੇ ਨਿਰਪੱਖ ਸੁਣਵਾਈ ਅਤੇ ਪ੍ਰਭਾਵਸ਼ਾਲੀ ਕਾਨੂੰਨੀ ਨੁਮਾਇੰਦਗੀ ਦੇ ਉਨ੍ਹਾਂ ਦੇ ਮੌਲਿਕ ਅਧਿਕਾਰ ਨੂੰ ਧਿਆਨ ਵਿਚ ਰੱਖਦੇ ਹੋਏ ਕੇਜਰੀਵਾਲ ਨੂੰ ਰਾਹਤ ਦਿੱਤੀ। ਆਮ ਆਦਮੀ ਪਾਰਟੀ ਨੇਤਾ ਦੇ ਵਕੀਲ ਨੇ ਕਿਹਾ ਕਿ ਉਹ ਦੇਸ਼ ਭਰ ਵਿਚ ਲਗਭਗ 35 ਕੇਸਾਂ ਦਾ ਸਾਹਮਣਾ ਕਰ ਰਹੇ ਹਨ ਅਤੇ ਨਿਰਪੱਖ ਸੁਣਵਾਈ ਲਈ ਉਨ੍ਹਾਂ ਨੂੰ ਵੀਡੀਓ ਕਾਨਫਰੰਸ ਰਾਹੀਂ ਆਪਣੇ ਵਕੀਲਾਂ ਨਾਲ ਦੋ ਹੋਰ ਮੀਟਿੰਗਾਂ ਕਰਨ ਦੀ ਲੋੜ ਹੈ।

### ਚਰਨਜੀਤ ਚੰਨੀ ਨੇ ਲੋਕ ਸਭਾ 'ਚ ਚੁੱਕਿਆ ਸਿੱਧੂ ਮੂਸੇਵਾਲਾ ਲਈ ਇਨਸਾਫ਼ ਤੇ

# ਅੰਮ੍ਰਿਤਪਾਲ ਸਿੰਘ ਦੀ ਰਿਹਾਈ ਦਾ ਮੁੱਦਾ

**ਨਵੀਂ ਦਿੱਲੀ, 25 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਜਲੰਧਰ ਕਾਂਗਰਸ ਦੇ ਸਾਂਸਦ ਮੈਂਬਰ ਚਰਨਜੀਤ ਸਿੰਘ ਚੰਨੀ ਨੇ ਅੱਜ ਲੋਕ ਸਭਾ ਵਿੱਚ ਅੰਮ੍ਰਿਤਪਾਲ ਸਿੰਘ ਅਤੇ ਸਿੱਧੂ ਮੂਸੇਵਾਲਾ ਲਈ ਇਨਸਾਫ਼ ਦਾ ਮੁੱਦਾ ਚੁੱਕਿਆ।





ਚਰਨਜੀਤ ਸਿੰਘ ਚੰਨੀ ਅੱਜ ਸਦਨ ਦੀ ਕਾਰਵਾਈ 'ਚ ਕਰੀਬ 20 ਮਿੰਟ ਭਾਸ਼ਣ ਦਿੱਤਾ। ਜਿਸ ਦੌਰਾਨ ਚੰਨੀ ਨੇ ਅਣ ਐਲਾਨੀਆਂ ਐਮਰਜੈਂਸੀਆਂ ਦਾ ਜ਼ੀਕਰ ਕਰਦਿਆਂ ਕਿਹਾ ਕਿ ਮਸ਼ਹੂਰ ਗਾਇਕ ਸਿੱਧੂ ਮੂਸੇਵਾਲਾ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਪਰ ਹਾਲੇ ਤੱਕ ਉਸ ਨੂੰ ਇਨਸਾਫ਼ ਨਹੀਂ ਮਿਲਿਆ ਇਹ ਵੀ ਇੱਕ ਐਮਰਜੈਂਸੀ ਹੈ। ਇਸ ਤੋਂ ਇਲਾਵਾ ਚੰਨੀ ਨੇ ਕਿਹਾ ਕਿ ਖਡੂਰ ਸਾਹਿਬ ਤੋਂ ਆਜ਼ਾਦ ਚੋਣ ਜਿੱਤੇ ਅੰਮ੍ਰਿਤਪਾਲ ਸਿੰਘ ਨੂੰ ਐਨ. ਐਸ. ਏ. ਲਗਾ ਕੇ ਜੇਲ੍ਹ ਵਿੱਚ ਬੰਦ ਕੀਤਾ ਗਿਆ ਹੈ। ਖਡੂਰ ਸਾਹਿਬ ਹਲਕੇ ਦੇ ਲੋਕਾਂ ਦੀ ਆਵਾਜ਼ ਜੇਲ੍ਹ ਵਿੱਚ ਬੰਦ ਹੈ ਇਸ ਹਲਕੇ ਦੀਆਂ ਮੁਸ਼ਕਲਾਂ ਨੂੰ ਕੌਣ ਸਾਂਸਦ 'ਚ ਪਹੁੰਚਾਏਗਾ ਜਦਕਿ ਇੱਥੋਂ ਦਾ ਐਮਪੀ ਜੇਲ੍ਹ ਵਿੱਚ ਬੰਦ ਹੈ। ਇਹ ਵੀ ਇੱਕ ਐਮਰਜੈਂਸੀ ਹੈ। ਚਰਨਜੀਤ ਸਿੰਘ ਚੰਨੀ ਨੇ ਜਲੰਧਰ ਹਲਕੇ ਦੇ ਵੀ ਕਈ ਮੁੱਦੇ ਚੁੱਕੇ। ਉਹਨਾਂ ਨੇ ਕਿਹਾ ਕਿ ਜਲੰਧਰ 'ਚ ਨਸ਼ਾ ਸ਼ਰੇਆਮ ਵਿਕ ਰਿਹਾ ਹੈ। ਜਲੰਧਰ ਦੀ ਲੈਦਰ ਮਾਰਕਿਟ ਖ਼ਤਮ ਹੁੰਦੀ ਜਾ ਰਹੀ ਹੈ। ਜਲੰਧਰ ਦੀ ਸਪੋਰਟਸ ਇੰਡਰਸਟਰੀ ਵੀ ਆਰਥਿਕ ਮਾਰ ਦੇ ਭੇਂਟ ਚੜ੍ਹ ਰਹੀ ਹੈ ਇਹ ਵੀ ਇੱਕ ਐਮਰਜੈਂਸੀ ਹੈ।

**ਚਰਨਜੀਤ ਚੰਨੀ ਤੇ ਰਵਨੀਟ ਬਿੱਟੂ ਵਿਚਾਲੇ ਹੋਈ ਗਰਮਾ-ਗਰਮੀ :** ਸੰਸਦ ਵਿਚ ਅੱਜ ਕਾਂਗਰਸ ਦੇ ਜਲੰਧਰ ਤੋਂ ਐੱਮ. ਪੀ. ਚਰਨਜੀਤ ਸਿੰਘ ਚੰਨੀ ਅਤੇ ਕੇਂਦਰੀ ਮੰਤਰੀ ਰਵਨੀਤ ਬਿੱਟੂ ਵਿਚਾਲੇ ਤਲਖੀ ਹੋ ਗਈ। ਦਰਅਸਲ ਚੰਨੀ ਨੇ ਸੰਸਦ ਵਿਚ ਸੰਬੋਧਨ ਕਰਦੇ ਹੋਏ ਰਵਨੀਤ ਬਿੱਟੂ ਨੂੰ ਕਿਹਾ ਕਿ ਤੁਹਾਡੇ ਦਾਦਾ ਜੀ (ਬੇਅੰਤ ਸਿੰਘ) ਸ਼ਹੀਦ ਹੋਏ ਪਰ ਉਹ ਉਸ ਦਿਨ ਮਰੇ ਜਦੋਂ ਤੁਸੀਂ ਕਾਂਗਰਸ ਛੱਡੀ। ਇਸ ਤੋਂ ਬਾਅਦ ਰਵਨੀਤ ਬਿੱਟੂ ਨੇ ਤਲਖ ਤੇਵਰ ਦਿਖਾਉਂਦਿਆਂ ਕਿਹਾ ਕਿ ਮੇਰੇ ਦਾਦਾ ਜੀ ਨੇ ਦੇਸ਼ ਲਈ ਕੁਰਬਾਨੀ ਦਿੱਤੀ ਸੀ ਉਹ ਦੇਸ਼ ਲਈ ਸ਼ਹੀਦ ਹੋਏ ਸਨ ਕਾਂਗਰਸ ਲਈ ਨਹੀਂ। ਬਿੱਟੂ ਨੇ ਕਿਹਾ ਕਿ ਅੱਜ ਗਰੀਬਾਂ ਦੀ ਗੱਲ ਕਰਨ ਵਾਲੇ ਚਰਨਜੀਤ ਚੰਨੀ ਖੁਦ ਹਜ਼ਾਰਾਂ ਕਰੋੜ ਦੇ ਮਾਲਕ ਹਨ। ਉਨ੍ਹਾਂ ਕਿਹਾ ਕਿ ਚਰਨਜੀਤ ਚੰਨੀ ਪੰਜਾਬ ਵਿਚ ਸਭ ਤੋਂ ਵੱਧ ਅਮੀਰ ਅਤੇ ਭ੍ਰਿਸ਼ਟ ਹਨ, ਜੇ ਇਹ ਭ੍ਰਿਸ਼ਟਾਚਾਰੀ ਨਹੀਂ ਨਿਕਲੇ ਤਾਂ ਮੈਂ ਆਪਣਾ ਨਾਮ ਬਦਲ ਦੇਵਾਂਗਾ।

## ਅੰਮ੍ਰਿਤਪਾਲ ਸਿੰਘ ਦੇ ਭਰਾ ਹਰਪ੍ਰੀਤ ਸਿੰਘ ਨੂੰ ਮਿਲੀ ਜ਼ਮਾਨਤ



**ਚੰਡੀਗੜ੍ਹ, 25 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਭਰਾ ਹਰਪ੍ਰੀਤ ਸਿੰਘ ਨੂੰ ਫਿਲੌਰ ਅਦਾਲਤ ਨੇ ਜ਼ਮਾਨਤ ਦੇ ਦਿੱਤੀ ਹੈ। ਦੱਸ ਦਈਏ ਕਿ ਹਰਪ੍ਰੀਤ ਸਿੰਘ ਦੀ ਆਈਸ ਡਰੱਗ ਨਾਲ ਗ੍ਰਿਫ਼ਤਾਰੀ ਹੋਈ ਸੀ ਜਿਸ ਤੋਂ ਬਾਅਦ ਉਨ੍ਹਾਂ ਨੂੰ ਰਿਮਾਂਡ ਉੱਤੇ ਰੱਖਿਆ ਗਿਆ ਸੀ ਤੇ ਹੁਣ ਅਦਾਲਤ ਨੇ ਹਰਪ੍ਰੀਤ ਸਿੰਘ ਨੂੰ ਜ਼ਮਾਨਤ ਦੇ ਦਿੱਤੀ ਹੈ। ਖਾਲਿਸਤਾਨ ਸਮਰਥਕ ਤੇ ਸ੍ਰੀ ਖਡੂਰ ਸਾਹਿਬ ਸੀਟ ਤੋਂ ਨਵੇਂ ਚੁਣੇ ਗਏ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਭਰਾ ਹਰਪ੍ਰੀਤ ਸਿੰਘ ਹੈਪੀ ਨੂੰ ਫਿਲੌਰ ਕੋਰਟ ਤੋਂ ਜ਼ਮਾਨਤ ਮਿਲ ਗਈ ਹੈ। 4 ਦਿਨ ਪਹਿਲਾਂ ਰਿਮਾਂਡ ਖਤਮ ਹੋਣ ਤੋਂ ਬਾਅਦ ਹੈਪੀ ਤੇ ਲਵਪ੍ਰੀਤ ਨੂੰ 14 ਦਿਨਾਂ ਲਈ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਸੀ। ਜ਼ਿਕਰ ਕਰ ਦਈਏ ਕਿ ਬੀਤੇ ਸ਼ਨੀਵਾਰ ਨੂੰ ਅਦਾਲਤ ਨੇ ਜ਼ਮਾਨਤ ਪਟੀਸ਼ਨ 'ਤੇ ਸੁਣਵਾਈ ਲਈ 23 ਜੁਲਾਈ ਦੀ ਤਰੀਕ ਦਿੱਤੀ ਸੀ ਪਰ ਮੰਗਲਵਾਰ ਨੂੰ ਲਵਪ੍ਰੀਤ ਸਿੰਘ ਅਤੇ ਹੈਪੀ ਦੀ ਜ਼ਮਾਨਤ ਦੀ ਸੁਣਵਾਈ ਪੂਰੀ ਨਹੀਂ ਹੋ ਸਕੀ ਸੀ। ਅੱਜ ਅਦਾਲਤ ਵਿੱਚ ਦੋਵਾਂ ਧਿਰਾਂ ਦੀ ਸੁਣਵਾਈ ਹੋਈ ਜਿਸ ਤੋਂ ਬਾਅਦ ਅਦਾਲਤ ਨੇ ਹੈਪੀ ਨੂੰ ਜ਼ਮਾਨਤ ਦੇ ਦਿੱਤੀ ਹੈ। ਦੱਸ ਦਈਏ ਕਿ ਹਰਪ੍ਰੀਤ ਅਤੇ ਲਵਪ੍ਰੀਤ ਦੇ ਵਕੀਲ ਨੇ ਅਦਾਲਤ ਨੂੰ ਕਿਹਾ ਕਿ ਕਿਸੇ ਵੀ ਤਰੀਕੇ ਨਾਲ ਪੁਲਿਸ ਵੱਲੋਂ ਉਸ ਦੇ ਮੁਵੱਕਲਾਂ ਖਿਲਾਫ਼, ਜੋ ਤੱਥ ਪੇਸ਼ ਕੀਤੇ ਗਏ ਹਨ, ਉਨ੍ਹਾਂ ਦਾ ਕੋਈ ਮੂੰਹ-ਸਿਰ ਨਹੀਂ ਹੈ, ਜਿਸ ਤੋਂ ਬਾਅਦ ਅਦਾਲਤ ਨੇ ਮਾਮਲੇ 'ਚ ਸੁਣਵਾਈ ਕਰਦਿਆਂ ਜ਼ਮਾਨਤ ਅਰਜੀ ਮਨਜ਼ੂਰ ਕਰ ਲਈ। ਹਾਲਾਂਕਿ, ਹਰਪ੍ਰੀਤ ਸਿੰਘ ਦੇ ਵਕੀਲ ਨੇ ਕਿਹਾ ਕਿ ਜ਼ਮਾਨਤ ਲਈ ਅਦਾਲਤ ਵੱਲੋਂ ਕੁੱਝ ਸ਼ਰਤਾਂ ਵੀ ਰੱਖੀਆਂ ਗਈਆਂ ਹਨ। ਯਾਦ ਕਰਵਾ ਦਈਏ ਕਿ ਫਿਲੌਰ ਪੁਲਿਸ ਨੇ 11 ਜੁਲਾਈ ਦੀ ਸ਼ਾਮ ਨੂੰ ਹੈਪੀ ਨੂੰ ਉਸ ਦੇ ਸਾਥੀ ਲਵਪ੍ਰੀਤ ਸਮੇਤ ਫਿਲੌਰ ਹਾਈਵੇਅ ਤੋਂ ਗ੍ਰਿਫਤਾਰ ਕੀਤਾ ਸੀ।

## 'ਥੱਪੜ ਸਕੈਂਡਲ' ਤੋਂ ਬਾਅਦ ਮੁਸ਼ਿਕਲ 'ਚ ਕੰਗਨਾ ਰਣੌਤ ਦੀ ਸੰਸਦ ਸੀਟ, ਅਦਾਕਾਰਾ 'ਤੇ ਲੱਗੇ ਗੰਭੀਰ ਦੋਸ਼

**ਮੰਡੀ, 25 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਬਾਲੀਵੁੱਡ ਅਦਾਕਾਰਾ ਕੰਗਨਾ ਰਣੌਤ ਥੱਪੜ ਸਕੈਂਡਲ ਤੋਂ ਬਾਅਦ ਲਗਾਤਾਰ ਸੁਰਖੀਆਂ ਬਟੋਰ ਰਹੀ ਹੈ। ਦੱਸ ਦੇਈਏ ਕਿ ਇਸ ਮਾਮਲੇ ਤੋਂ



ਬਾਅਦ ਸੰਸਦ ਮੈਂਬਰ ਹੋਰ ਨਵੇਂ ਵਿਵਾਦਾਂ ਨਾਲ ਘਿਰਦੀ ਹੋਈ ਨਜ਼ਰ ਆ ਰਹੀ ਹੈ। ਦਰਅਸਲ, ਇਸ ਵਿਚਾਲੇ ਇੱਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ, ਜਿਸ ਨੇ ਹਰ ਕਿਸੇ ਨੂੰ ਹੈਰਾਨ ਕਰ ਦਿੱਤਾ ਹੈ। ਹਿਮਾਚਲ ਪ੍ਰਦੇਸ਼ ਦੀ ਮੰਡੀ ਸੀਟ ਤੋਂ ਸੰਸਦ ਮੈਂਬਰ ਕੰਗਨਾ ਰਣੌਤ ਦੇ ਖਿਲਾਫ ਇਕ ਵਿਅਕਤੀ ਨੇ ਪਟੀਸ਼ਨ ਦਾਇਰ ਕੀਤੀ ਹੈ। ਵਿਅਕਤੀ ਦਾ ਦਾਅਵਾ ਹੈ ਕਿ ਲੋਕ ਸਭਾ ਹਲਕੇ ਤੋਂ ਚੋਣ ਲੜਨ ਲਈ ਉਸ ਦਾ ਨਾਮਜ਼ਦਗੀ ਪੱਤਰ ਕਥਿਤ ਤੌਰ 'ਤੇ ਗਲਤ ਤਰੀਕੇ ਨਾਲ ਰੱਦ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਅਦਾਲਤ ਨੇ ਕੰਗਨਾ ਰਣੌਤ ਨੂੰ ਨੋਟਿਸ ਭੇਜ ਕੇ 21 ਅਗਸਤ ਤੱਕ ਜਵਾਬ ਮੰਗਿਆ ਹੈ। ਉਸ ਦਾ ਨਾਂ ਲਾਇਕ ਰਾਮ ਨੇਗੀ ਹੈ ਜੋ ਕੰਗਨਾ ਰਣੌਤ ਦੀ ਸੀਟ ਨੂੰ ਲੈ ਕੇ ਖਤਰਾ ਬਣ ਗਿਆ ਹੈ।

**ਚੋਣ ਰੱਦ ਕਰਨ ਦੀ ਮੰਗ ਕੀਤੀ :** ਪਟੀਸ਼ਨ ਤੋਂ ਬਾਅਦ ਜਸਟਿਸ ਜਯੋਤਸਨਾ ਰੇਵਾਲ ਨੇ ਕੰਗਨਾ ਰਣੌਤ ਨੂੰ ਨੋਟਿਸ ਜਾਰੀ ਕੀਤਾ ਹੈ। ਇਹ ਵੀ ਹੁਕਮ ਦਿੱਤਾ ਗਿਆ ਹੈ ਕਿ ਉਹ ਇਸ ਮਾਮਲੇ 'ਤੇ 21 ਅਗਸਤ ਤੱਕ ਜਵਾਬ ਦੇਣ। ਤੁਹਾਨੂੰ ਦੱਸ ਦੇਈਏ ਕਿ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਅਦਾਕਾਰਾ ਨੇ ਮੰਡੀ ਲੋਕ ਸਭਾ ਸੀਟ ਤੋਂ ਕਾਂਗਰਸੀ ਉਮੀਦਵਾਰ ਵਿਕਰਮਾਦਿੱਤਿਆ ਸਿੰਘ ਨੂੰ 74,755 ਵੋਟਾਂ ਦੇ ਫਰਕ ਨਾਲ ਹਰਾ ਕੇ ਜਿੱਤ ਹਾਸਲ ਕੀਤੀ ਸੀ। ਰਣੌਤ ਦੀ ਚੋਣ ਰੱਦ ਕਰਨ ਦੀ ਮੰਗ ਕਰਦਿਆਂ ਪਟੀਸ਼ਨਰ ਲਾਇਕ ਰਾਮ ਨੇਗੀ ਨੇ ਕਿਹਾ ਕਿ ਰਿਟਰਨਿੰਗ ਅਫਸਰ ਵੱਲੋਂ ਉਨ੍ਹਾਂ ਦਾ ਨਾਮਜ਼ਦਗੀ ਪੱਤਰ ਗਲਤ ਤਰੀਕੇ ਨਾਲ ਰੱਦ ਕਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਨੂੰ ਵੀ ਧਿਰ ਬਣਾਇਆ ਗਿਆ ਹੈ। ਇਹ ਦੋਸ਼ ਕਾਫੀ ਗੰਭੀਰ ਹਨ ਅਤੇ ਅਦਾਲਤ ਇਸ 'ਤੇ ਪੂਰਾ ਧਿਆਨ ਦੇ ਰਹੀ ਹੈ।

**ਕਈ ਦੋਸ਼ ਲਗਾਏ :** ਲਾਇਕ ਰਾਮ ਨੇਗੀ ਜੋ ਕਿ ਜੰਗਲਾਤ ਵਿਭਾਗ ਦਾ ਸਾਬਕਾ ਕਰਮਚਾਰੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਸ ਨੇ ਸਮੇਂ ਤੋਂ ਪਹਿਲਾਂ ਸੇਵਾਮੁਕਤੀ ਲੈ ਲਈ ਸੀ ਅਤੇ ਇਸ ਲਈ ਉਸ ਨੇ ਰਿਟਰਨਿੰਗ ਅਫਸਰ ਨੂੰ ਆਪਣੇ ਨਾਮਜ਼ਦਗੀ ਫਾਰਮ ਦੇ ਨਾਲ ਵਿਭਾਗ ਤੋਂ ਕੋਈ ਬਕਾਇਆ ਨਾ ਹੋਣ ਦਾ ਸਰਟੀਫਿਕੇਟ ਵੀ ਪੇਸ਼ ਕੀਤਾ ਸੀ। ਲਾਇਕ ਰਾਮ ਦਾ ਕਹਿਣਾ ਹੈ ਕਿ ਜੇਕਰ ਉਨ੍ਹਾਂ ਦੇ ਕਾਗਜ਼ ਇਸ ਸਮੇਂ ਸਵੀਕਾਰ ਕਰ ਲਏ ਜਾਂਦੇ ਤਾਂ ਉਹ ਕੰਗਨਾ ਰਣੌਤ ਨੂੰ ਹਰਾ ਕੇ ਚੋਣ ਜਿੱਤ ਸਕਦੇ ਸਨ।

## ਪਟਿਆਲਾ 'ਤੇ ਮੰਡਰਾਇਆ ਵੱਡਾ ਖ਼ਤਰਾ, 19 ਇਲਾਕਿਆਂ ਵਿਚ ਐਮਰਜੈਂਸੀ ਐਲਾਨੀ

**ਪਟਿਆਲਾ, 25 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸ਼ਾਹੀ ਸ਼ਹਿਰ ਪਟਿਆਲਾ 'ਚ ਡਾਇਰੀਆ ਦਾ ਕਹਿਰ ਲਗਾਤਾਰ ਜਾਰੀ ਹੈ। ਲੰਘੇ ਕੱਲ੍ਹ 5 ਦਰਜਨ ਕੇਸ ਆਉਣ ਤੋਂ ਬਾਅਦ ਫਿਰ 35 ਦੇ ਨਵੇਂ ਮਰੀਜ਼ ਸਾਹਮਣੇ ਆਏ ਹਨ, ਜਿਸ ਨਾਲ ਜਿੱਥੇ ਸਿਹਤ ਵਿਭਾਗ ਚੌਕੰਨਾ ਹੋਇਆ ਹੈ, ਉੱਥੇ ਨਗਰ ਨਿਗਮ ਨੇ ਪਟਿਆਲਾ ਦੇ ਵੱਖ-ਵੱਖ 19 ਦੇ ਕਰੀਬ ਏਰੀਆਂ ਵਿਚ ਐਮਰਜੈਂਸੀ ਐਲਾਨ ਦਿੱਤੀ ਹੈ। ਕਮਿਸ਼ਨਰ ਆਦਿੱਤਿਆ ਡੇਚਲਵਾਲ ਵੱਲੋਂ ਜਾਰੀ ਹੁਕਮਾਂ ਤਹਿਤ ਸੰਜੇ ਕਾਲੋਨੀ, ਜੈਜੀ ਕਾਲੋਨੀ, ਮਾਰਕਲ ਕਾਲੋਨੀ, ਸਿਕਲੀਗਰ ਕਾਲੋਨੀ, ਭਾਰਤ ਨਗਰ ਨਾਭਾ ਰੋਡ, ਬਡੂੰਗਰ, ਮਥੁਰਾ




ਕਾਲੋਨੀ, ਬਾਬੂ ਸਿੰਘ ਕਾਲੋਨੀ, ਅਬਲੋਵਾਲ ਅਤੇ ਪਟਿਆਲਾ ਦਿਹਾਤੀ ਏਰੀਆ ਦੇ ਇੰਦਰਾ ਕਾਲੋਨੀ, ਅਬਚਲ ਨਗਰ, ਭਾਰਤ ਨਗਰ, ਤਫੱਜ਼ਲਪੁਰਾ, ਪੁਰਾਣਾ ਬਿਸ਼ਨ ਨਗਰ, ਦਿਨ ਦਿਆਲ ਉਪਾਧਿਆ ਨਗਰ, ਮੁਸਲਿਮ ਕਾਲੋਨੀ, ਹੀਰਾ ਬਾਗ, ਨਿਊ ਯਾਦਵਿੰਦਰਾ ਕਾਲੋਨੀ, ਅਲੀਪੁਰ ਅਰਾਈਆਂ ਇਲਾਕਿਆਂ 'ਚ ਐਮਰਜੈਂਸੀ ਘੋਸ਼ਿਤ ਕੀਤੀ ਗਈ ਹੈ। ਉਕਤ ਏਰੀਆਂ 'ਚ ਹਰ ਕੰਮ 24 ਘੰਟੇ ਅੰਦਰ ਕਰਵਾਉਣ ਦੇ ਹੁਕਮ ਦਿੱਤੇ ਹਨ। ਸ਼ਹਿਰ ਪਟਿਆਲਾ ਦੀਆਂ 4 ਕਾਲੋਨੀਆਂ 'ਚ ਸਿਰਫ਼ 2 ਦਿਨਾਂ ਅੰਦਰ ਹੀ ਡਾਇਰੀਆ ਦੇ 100 ਕੇਸ ਸਾਹਮਣੇ ਆਏ ਹਨ, ਜਿਸ ਨਾਲ ਸ਼ਹਿਰ ਵਾਸੀਆਂ 'ਚ ਚਿੰਤਾ ਵਧਣ ਲੱਗੀ ਹੈ। ਨਿਊ ਯਾਦਵਿੰਦਰਾ ਕਾਲੋਨੀ, ਅਬਚਲ ਨਗਰ, ਫੈਕਟਰੀ ਏਰੀਆ ਤੇ ਅਨਾਜ ਮੰਡੀ ਆਦਿ ਥਾਵਾਂ ਤੋਂ ਮੰਗਲਵਾਰ ਨੂੰ 5 ਦਰਜਨ ਤੋਂ ਵੱਧ ਕੇਸ ਰਿਪੋਰਟ ਹੋਏ ਸਨ। ਬੁੱਧਵਾਰ ਨੂੰ ਵੀ ਇਨ੍ਹਾਂ ਇਲਾਕਿਆਂ 'ਚੋਂ ਹੀ 35 ਤੋਂ ਵੱਧ ਕੇਸ ਸਾਹਮਣੇ ਆਏ ਹਨ, ਜਿਸ ਨਾਲ ਸਿਹਤ ਵਿਭਾਗ ਅਨੁਸਾਰ ਕੁੱਲ ਕੇਸਾਂ ਦੀ ਗਿਣਤੀ 200 ਤੋਂ ਪਾਰ ਹੋ ਚੁੱਕੀ ਹੈ। ਪ੍ਰਭਾਵਿਤ ਇਲਾਕਿਆਂ 'ਚ ਸਿਹਤ ਵਿਭਾਗ ਵੱਲੋਂ ਦੋ ਦਿਨਾਂ 'ਚ ਜਾਂਚ ਲਈ ਪਾਣੀ ਦੇ 18 ਸੈਂਪਲ ਲਏ ਗਏ ਹਨ, ਜਿਨ੍ਹਾਂ ਦੀ ਰਿਪੋਰਟ ਆਉਣੀ ਬਾਕੀ ਹੈ। ਸਿਹਤ ਵਿਭਾਗ ਡਾਇਰੀਆ ਪ੍ਰਭਾਵਿਤ ਇਲਾਕਿਆਂ 'ਚ ਸਰਵੇ ਕਰਨ ਤੇ ਦਵਾਈਆਂ ਦੀ ਵੰਡ ਕਰਨ ਲੱਗਿਆ ਹੋਇਆ ਹੈ। ਸਭ ਤੋਂ ਵੱਧ ਕੇਸ ਨਿਊ ਯਾਦਵਿੰਦਰਾ ਕਾਲੋਨੀ 'ਚ ਆ ਰਹੇ ਹਨ, ਜਿੱਥੇ ਮੰਗਲਵਾਰ ਨੂੰ 3 ਦਰਜਨ ਦੇ ਕਰੀਬ ਡਾਇਰੀਆ ਕੇਸ ਆਏ ਸੀ। ਬੁੱਧਵਾਰ ਨੂੰ ਵੀ 18 ਕੇਸ ਇਕੱਲੇ ਇਸ ਇਲਾਕੇ 'ਚੋਂ ਸਾਹਮਣੇ ਆਏ ਹਨ। ਨਗਰ-ਨਿਗਮ ਵੱਲੋਂ ਪਾਣੀ ਟੈਂਕਰਾਂ ਰਾਹੀਂ ਸਪਲਾਈ ਕੀਤਾ ਜਾ ਰਿਹਾ ਹੈ। ਡਾਇਰੀਆ ਦੇ ਨਵੇਂ ਆਏ 35 ਮਰੀਜ਼ਾਂ 'ਚੋਂ 15 ਹਸਪਤਾਲ 'ਚ ਦਾਖਲ ਹਨ। ਸਿਹਤ ਵਿਭਾਗ ਵੱਲੋਂ ਇਨ੍ਹਾਂ ਇਲਾਕਿਆਂ 'ਚ ਘਰ-ਘਰ ਸਰਵੇ ਕਰਨ ਦਾ ਕੰਮ ਤੇਜ਼ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਪ੍ਰਭਾਵਿਤ ਏਰੀਏ 'ਚ ਓ. ਆਰ. ਐੱਸ. ਦੇ ਘੋਲ ਅਤੇ ਕਲੋਰੀਨ ਦੀਆਂ ਗੋਲੀਆਂ ਦੀ ਵੰਡ ਕੀਤੀ ਜਾ ਰਹੀ ਹੈ। ਜ਼ਿਲ੍ਹਾ ਐਪੀਡੋਮੋਲੋਜਿਸਟ ਡਾ. ਸੁਮਿਤ ਸਿੰਘ ਨੇ ਦੱਸਿਆ ਕਿ ਦੋ ਦਿਨਾਂ 'ਚ ਹੀ 100 ਦੇ ਤੋਂ ਵੱਧ ਮਰੀਜ਼ ਰਿਪੋਰਟ ਹੋਏ ਹਨ ਅਤੇ ਸਰਵੇ ਜਾਰੀ ਹੈ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਪ੍ਰਭਾਵਿਤ ਇਲਾਕਿਆਂ 'ਚ 24 ਘੰਟੇ ਟੀਮਾਂ ਤਾਇਨਾਤ ਕਰ ਕੇ ਨਜ਼ਰ ਰੱਖੀ ਜਾ ਰਹੀ ਹੈ। ਸ਼ੱਕੀ ਮਰੀਜ਼ ਦੀ ਤੁਰੰਤ ਜਾਂਚ ਕਰ ਕੇ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ।

## 40 ਦਿਨਾਂ ਤੋਂ ਕਿਸਾਨਾਂ ਨੇ ਮੁਫ਼ਤ ਕਰ ਰੱਖਿਆ ਪੰਜਾਬ ਦਾ ਸਭ ਤੋਂ ਮਹਿੰਗਾ ਟੋਲ ਪਲਾਜ਼ਾ, ਕਿਸੇ ਵੇਲੇ ਵੀ ਐਕਸ਼ਨ ਕਰ ਸਕਦੀ ਪੁਲਿਸ ?



**ਚੰਡੀਗੜ੍ਹ, 25 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦਾ ਸਭ ਤੋਂ ਮਹਿੰਗਾ ਟੋਲ ਪਲਾਜ਼ਾ ਪਿਛਲੇ 40 ਦਿਨਾਂ ਤੋਂ ਬੰਦ ਹੈ। ਸਾਰੇ ਵਾਹਨਾਂ ਨੂੰ ਟੈਕਸ ਮੁਕਤ ਕੀਤਾ ਜਾ ਰਿਹਾ ਹੈ। ਹੁਣ ਤੱਕ 40 ਕਰੋੜ ਰੁਪਏ ਦਾ ਘਾਟਾ ਪਿਆ ਹੈ। ਕਿਸਾਨਾਂ ਅਤੇ NHAI ਨੇ ਟੋਲ ਖੋਲ੍ਹਣ ਲਈ ਹਾਈ ਕੋਰਟ ਵਿੱਚ ਕੇਸ ਦਾਇਰ ਕੀਤਾ ਹੈ। ਹੁਣ ਟੋਲ ਪਲਾਜ਼ਾ 'ਤੇ ਸਥਿਤੀ ਅਜਿਹੀ ਬਣ ਗਈ ਹੈ ਕਿ ਕਿਸਾਨ ਆਗੂ ਤੇ NHAI ਆਹਮੋ-ਸਾਹਮਣੇ ਹਨ। ਹਾਈਕੋਰਟ ਨੇ ਟੋਲ ਖੋਲ੍ਹਣ ਦੇ ਹੁਕਮ ਦਿੱਤੇ ਹਨ। ਜਾਣਕਾਰੀ ਦਿੰਦਿਆਂ ਭਾਰਤੀ ਮਜ਼ਦੂਰ ਕਿਸਾਨ ਯੂਨੀਅਨ ਦੇ ਪ੍ਰਧਾਨ ਦਿਲਬਾਗ ਸਿੰਘ ਤੇ ਭਾਰਤੀ ਕਿਸਾਨ ਯੂਨੀਅਨ ਦੋਆਬਾ ਦੇ ਇੰਦਰਬੀਰ ਸਿੰਘ ਕਾਦੀਆਂ ਨੇ ਦੱਸਿਆ ਕਿ ਅੱਜ ਸਮੂਹ ਕਿਸਾਨਾਂ ਤੇ ਆਮ ਲੋਕਾਂ ਨੂੰ ਸਵੇਰੇ 11 ਵਜੇ ਤੱਕ ਲਾਡੋਵਾਲ ਟੋਲ ਪਲਾਜ਼ਾ 'ਤੇ ਪੁੱਜਣ ਲਈ ਕਿਹਾ ਗਿਆ ਹੈ। ਹਾਈ ਕੋਰਟ ਦੀ ਤਰੀਕ ਤੋਂ ਇੱਕ ਦਿਨ ਪਹਿਲਾਂ ਪੰਜਾਬ ਸਰਕਾਰ ਦੇ ਵਕੀਲਾਂ ਨੇ ਲੋਕਾਂ ਦਾ ਪੱਖ ਪੇਸ਼ ਕੀਤਾ ਹੈ। ਕਿਸਾਨਾਂ ਨੇ ਧਿਰ ਬਣਨ ਲਈ ਹਾਈ ਕੋਰਟ ਵਿੱਚ ਅਰਜ਼ੀ ਦਾਇਰ ਕੀਤੀ ਸੀ ਪਰ ਹਾਈ ਕੋਰਟ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਇਸ ਕੇਸ ਵਿੱਚ ਧਿਰ ਨਹੀਂ ਬਣ ਸਕਦੇ। ਉਹ ਵੱਖਰੇ ਤੌਰ 'ਤੇ ਨਵੀਂ ਰਿੱਟ ਦਾਇਰ ਕਰ ਸਕਦੇ ਹਨ। ਹਾਈਕੋਰਟ ਨੇ ਕਿਹਾ ਕਿ NHAI ਵੱਲੋਂ ਟੋਲ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ ਇਸ ਤੋਂ ਬਾਅਦ ਪੰਜਾਬ ਸਰਕਾਰ ਨੇ ਅਦਾਲਤ ਤੋਂ 4 ਹਫ਼ਤਿਆਂ ਦਾ ਸਮਾਂ ਲਿਆ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਹੁਣ ਇਹ ਜ਼ਰੂਰੀ ਨਹੀਂ ਕਿ ਟੋਲ 4 ਹਫ਼ਤਿਆਂ ਬਾਅਦ ਹੀ ਸ਼ੁਰੂ ਹੋਵੇ, ਟੋਲ ਕਿਸੇ ਵੀ ਸਮੇਂ ਸ਼ੁਰੂ ਹੋ ਸਕਦਾ ਹੈ। ਇਸ ਲਈ ਸਮੂਹ ਕਿਸਾਨਾਂ ਅਤੇ ਲੋਕਾਂ ਨੂੰ ਸੰਘਰਸ਼ ਲਈ ਤਿਆਰ ਰਹਿਣਾ ਪਵੇਗਾ। ਅਦਾਲਤ ਅਤੇ ਪ੍ਰਸ਼ਾਸਨ ਕਿਸਾਨਾਂ ਦੀ ਆਵਾਜ਼ ਬਿਲਕੁਲ ਨਹੀਂ ਸੁਣ ਰਿਹਾ। ਉਨ੍ਹਾਂ ਦੀ ਇੱਕੋ ਮੰਗ ਹੈ ਕਿ ਟੋਲ ਦਰਾਂ ਘਟਾਈਆਂ ਜਾਣ। ਕਿਸਾਨਾਂ ਨੂੰ ਕੁੱਟ ਕੇ ਇੱਥੋਂ ਹਟਾਇਆ ਜਾ ਸਕਦਾ ਹੈ। ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਜਾਰੀ ਰਹੇਗਾ।




Nankana Sahib Yatra Committe Uk
pakistan gurdwara yatra
6th november to 16th november 2024
yatra includes 25+ gurudwara sahib
darshan .Accommodation in hotels
and travel within pakistan and yatra
start to finish point in AC coaches
ਪਾਕਿਸਤਾਨ
ਵਿਖੇ ਸ੍ਰੀ ਨਨਕਾਣਾ
ਸਾਹਿਬ ਤੋਂ ਇਲਾਵਾ 25 ਹੋਰ
ਗੁਰਦੁਆਰਾ ਸਾਹਿਬਾਨ ਦੇ ਦਰਸ਼ਨ
£1095
Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.
Note: It does not include flight ticket and insurance, it has to be done by the passenger himself.
ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ ।ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।
ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।
*-- ਗੁਰੂ ਪੰਥ ਦੇ ਸੇਵਾਦਾਰ --*
ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK
• ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
+447976210161
• ਭਾਈ ਬਲਜੀਤ ਸਿਘ ਕੰਗ/Bhai Baljit Singh Kang
+44 7780 605230
• ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
+44 7568 517223

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ
ਪਿੰਡ ਰੋਡੇ
2.6.1947
Birth
Pind Rode

ਸ਼ਹੀਦੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ
6.6.1984
Shaheedi
Sri Darbar Sahib
Amritsar



www.damdamitaksal.net
Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net



ਦਮਦਮੀ ਟਕਸਾਲ
ਨਾਮ ਜਪੋ
ਕਿਰਤ ਕਰੋ
ਵੰਡ ਛੱਕੋ
Naam Japo
Kirat Karo
Vand Shako
ਜਥਾ ਭਿੰਡਰਾਂ (ਮਹਿਤਾ)
www.damdamitaksal.net
ਵਾਹਿਗੁਰੂ ਜੀ ਕਾ ਖਾਲਸਾ॥ WAHEGURU JI KA KHALSA
ਵਾਹਿਗੁਰੂ ਜੀ ਕੀ ਫਤਹਿ॥ WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke
Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and
Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


24 SERVICE EVERYDAY HOURS
PURE AND NATURAL 100% VEGETARIAN
Enjoy Real Taste of PUNJAB
KD
FULLY A.C. HALL
Khehra
VAISHNO DHABA
BREAKFAST
LUNCH
DINNER
OUR SPECIALIZATION : Au Important Ingredients used to Prepare Dishes are Grown in our own farmes.
Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad
V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment



ਪੰਜਾਬੀ
ਸਿੱਖੋ ਬੋਲੋ ਪੜ੍ਹੋ ਲਿਖੋ
ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ
Love Maa Boli Punjabi

ੳ ਅ ੲ ਸ ਹ
ਕ ਖ ਗ ਘ ਙ
ਚ ਛ ਜ ਝ ਞ
ਟ ਠ ਡ ਢ ਣ
ਤ ਥ ਦ ਧ ਨ
ਪ ਫ ਬ ਭ ਮ
ਯ ਰ ਲ ਵ ੜ
ਸ਼ ਖ਼ ਗ਼ ਜ਼ ਫ਼ ਲ਼

ਮੁਕਤਾ ਾ ਕੰਨਾ ਿ ਸਿਹਾਰੀ ੀ ਬਿਹਾਰੀ
ੁ ਔਂਕੜ ੂ ਦੁਲੈਂਕੜ ੇ ਲਾਂ ੈ ਦੁਲਾਵਾਂ
ੋ ਹੋੜਾ ੌ ਕਨੌੜਾ ੰ ਟਿੱਪੀ ਾਂ ਕੰਨਾ-ਬਿੰਦੀ
www.damdamitaksal.net
੧ ੨ ੩ ੪ ੫ ੬ ੭ ੮ ੯ ੧੦
www.damdamitaksal.net
Learn Speak Read Write
PUNJABI


ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸਲਾਨਾ ਜੋੜ ਮੇਲਾ
ਜਥੇਦਾਰ ਬਾਬਾ ਖੜਕ ਸਿੰਘ ਨਿਹੰਗ ਸਿੰਘ ਜੀ
ਧੰਨ-ਧੰਨ ਮਾਤਾ ਸਾਹਿਬ ਕੌਰ ਜੀ
ਗੁਰਮਤਿ ਸਮਾਗਮ
3 ਨਵੰਬਰ 2024 ਦਿਨ ਐਤਵਾਰ ਨੂੰ
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ
ਗੁਰਦੁਆਰਾ ਸ਼ਹੀਦਾਂ, ਜੱਸੋਵਾਲ
(ਬੱਬਰਾਂ ਦਾ ਹਾਈਕੋਰਟ)
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਪ੍ਰਧਾਨ ਭਾਈ ਲਾਲੋ ਜੀ ਸੰਤ ਸਮਾਜ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਸੰਪਰਕ ਨੰਬਰ
98141-27470


ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
✚ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜ਼ਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446


ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੂ ਕੋਟਿ ਪੈਂਡਾ ਆਗੇ ਹੋਏ ਲੇਤ ਹੈ ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 6 ਨਵੰਬਰ 2024 ਤੋਂ 16 ਨਵੰਬਰ 2024 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1095**

Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.

**Note: It does not include flight ticket and insurance, it has to be done by the passenger himself.**

**ਜ਼ਰੂਰੀ ਨੋਟ :** ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ। ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।

**ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।**

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।

☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

**ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।**

**BOOK YOUR SEATS NOW**

✶-- ਗੁਰੂ ਪੰਥ ਦੇ ਸੇਵਾਦਾਰ --✶

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

• ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall

+447976210161

• ਭਾਈ ਬਲਜੀਤ ਸਿਘ ਕੰਗ/Bhai Baljit Singh Kang

+44 7780 605230

• ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)

+44 7568 517223

Website : www.nsycuk.com

E-mail : gnstuk@hotmail.com



HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All CATEGORIES OF MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ਿ ਕੌਮ AWAZE QAUM
International Newspaper & WEB TV
CALL US TO BOOK YOUR CSCS LEVEL ONE COURSE.
07751-28621







KHALSA FORGE

Explore a stunning collection of high-quality Damascus and Sarbloh Kirpans, meticulously crafted for excellence.

www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।









**www.khalsaforge.com**

ੴ ਵਾਹਿਗੁਰੂ ਜੀ ਕੀ ਫਤਹਿ ॥

ਪੰਜ ਤੀਰ ਹੋਰ ਤੂੰ ਗੁਰੂ ਤੋਂ ਮੰਗੇ, ਗੰਗੂ ਦੀ ਰੂਹ ਨੂੰ ਮਾਰਨ ਲਈ। ਅੱਜ ਪੰਥ ਇਕੱਠਾ ਹੋਇਆ ਹੈ, ਤੇਰੇ ਬੋਲਾਂ ਨੂੰ ਸਤਿਕਾਰਨ ਲਈ।

# ਜਲਾਵਤਨ ਸਿੱਖ ਯੋਧੇ, ਦਲ ਖਾਲਸਾ ਦੇ ਬਾਨੀ, ਕੌਮੀ ਸ਼ਾਇਰ, ਭਾਈ ਗਜਿੰਦਰ ਸਿੰਘ ਜੀ ਦੀ ਯਾਦ ਵਿੱਚ ਗੁਰਦੁਆਰਾ ਬਾਬਾ ਸੰਗ ਜੀ ਸਮੈਦਿਕ ਵਿਖੇ 4 ਅਗਸਤ 2024 ਦਿਨ ਐਤਵਾਰ ਨੂੰ

# ਸ਼ਰਧਾਂਜ਼ਲੀ ਸਮਾਗਮ

ਵੀਹਵੀਂ ਸਦੀ ਦੇ ਮਹਾਨ ਗੁਰਸਿੱਖ, ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਰਿਹਾਈ ਲਈ 29 ਸਤੰਬਰ 1981 ਨੂੰ ਇੰਡੀਅਨ ਏਅਰ ਲਾਇਨਜ ਦਾ ਹਵਾਈ ਜਹਾਜ਼ ਹਾਈਜੈਕ ਕਰਕੇ ਲਾਹੌਰ ਲਿਜਾਣ ਵਾਲੇ ਭਾਈ ਗਜਿੰਦਰ ਸਿੰਘ ਜੀ ਸਾਥੀਆਂ ਸਮੇਤ ਕਰੀਬ 14 ਸਾਲ ਪਾਕਿਸਤਾਨ ਦੀ ਕੋਟ ਲੱਖਪਤ ਜੇਲ੍ਹ ਵਿੱਚ ਨਜ਼ਰਬੰਦ ਰਹੇ ਅਤੇ ਉਸ ਤੋਂ ਬਾਅਦ ਅੰਤਮ ਸਵਾਸ ਤੱਕ ਪਾਕਿਸਤਾਨ ਵਿੱਚ ਹੀ ਜਲਾਵਤਨੀ ਦੀ ਜ਼ਿੰਦਗੀ ਬਿਤਾਈ।

ਬਿਖੜੇ ਪੈਂਡਿਆਂ ਤੇ ਤੁਰਦਿਆਂ ਵੀ ਸਰਦਾਰ ਗਜਿੰਦਰ ਸਿੰਘ ਨੇ ਦ੍ਰਿੜਤਾ ਨਾਲ ਖਾਲਿਸਤਾਨ ਦੀ ਅਜ਼ਾਦੀ ਅਤੇ ਅਕਾਲ ਤਖਤ ਸਾਹਿਬ ਦੀ ਸਰਵਉੱਚਤਾ ਲਈ ਸਖਤ ਪਹਿਰਾ ਦਿੱਤਾ।

ਬੀਤੀ 3 ਜੁਲਾਈ 2024 ਨੂੰ ਭਾਈ ਗਜਿੰਦਰ ਸਿੰਘ ਜੀ ਲਾਹੌਰ ਵਿਖੇ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੀ ਅਦੁੱਤੀ ਪੰਥਕ ਦੇਣ ਨੂੰ ਯਾਦ ਕਰਦਿਆਂ ਸੰਸਾਰ ਭਰ ਵਿੱਚ ਪੰਥ ਦਰਦੀਆਂ ਵੱਲੋਂ ਸ਼ਰਧਾਂਜਲੀ ਸਮਾਗਮ ਕੀਤੇ ਜਾ ਰਹੇ ਹਨ। ਉਸੇ ਲੜੀ ਵਿੱਚ ਗੁਰਦੁਆਰਾ ਬਾਬਾ ਸੰਗ ਵਿਖੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ 4 ਅਗਸਤ 2024 ਦਿਨ ਐਤਵਾਰ ਨੂੰ ਵਿਸ਼ਾਲ ਸ਼ਰਧਾਂਜਲੀ ਸਮਾਗਮ ਕੀਤਾ ਜਾ ਰਿਹਾ ਹੈ। ਆਪ ਸਭ ਨੂੰ ਬੇਨਤੀ ਹੈ ਕਿ ਪੰਥਕ ਪਿਆਰ ਵਿੱਚ ਹੁੰਮ-ਹੁੰਮਾ ਕੇ ਪੁੱਜੋ ਅਤੇ ਪੰਥਕ ਏਕੇ ਦਾ ਸਬੂਤ ਦਿੰਦਿਆਂ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਜਲਾਵਤਨ ਸਿੱਖ ਯੋਧਾ
ਭਾਈ ਗਜਿੰਦਰ ਸਿੰਘ ਦਲ ਖਾਲਸਾ

## === ਪ੍ਰੋਗਰਾਮ ਦਾ ਵੇਰਵਾ :===

ਮਿਤੀ 2 ਅਗਸਤ 2024 ਦਿਨ ਸ਼ੁਕਰਵਾਰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ ਮਿਤੀ ਅਗਸਤ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਜੀ ਦੇ ਭੋਗ ਉਪਰੰਤ ਦੀਵਾਨ ਸਜੇਗਾ, ਜਿਸ ਵਿਚ ਉਚਕੋਟੀ ਦੇ ਰਾਗੀ ਜੱਥੇ, ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਨਾਮਵਰ ਪੰਥਕ ਬੁਲਾਰੇ ਪੰਥਕ ਵੀਚਾਰ ਸਾਂਝੇ ਕਰਨਗੇ।

## ਗੁਰਦੁਆਰਾ ਬਾਬਾ ਸੰਗ ਜੀ ਅਤੇ ਸੈਂਡਵਿਲ ਦੇ ਸਮੂਹ ਗੁਰਦੁਆਰਾ ਸਾਹਿਬ

**GURDWARA BABA SANG JI SMETHWICK**
**7-9 ST PAUL'S ROAD, SMETHWICK, B66 1EE**

ਵਧੇਰੇ ਜਾਣਕਾਰੀ ਲਈ ਸੰਪਰਕ :

**0121 558 2681 / 07930 908368 / 07452 765165**


ਦਮਦਮੀ ਟਕਸਾਲ ਵੱਲੋਂ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁੱਧ ਪਾਠ ਬੋਧ ਸਮਾਗਮ
ਆਰੰਭ 20 ਜੁਲਾਈ 2024 ਤੋ 18 ਅਗਸਤ 2024 ਤੱਕ
Monday - Friday
6PM - 9PM
Saturday - Sunday
3PM - 5PM
6PM - 9PM
Bhog Shri Sehaj Path
Sunday 18th August 2024
Kirtan - Katha Darbar


SANT BEANT SINGH JI
BER KALAN WALE | UK TOUR 2024
FRI 26TH JULY - SUN 28TH JULY: SOUTHAMPTON
MON 29TH JULY - SUN 4TH AUGUST: SOUTHALL
MON 5TH AUGUST - SAT 10TH AUGUST: 7:00-8:00PM
GURU NANAK GURDWARA, LEICESTER, LE1 4LJ
SUN 11TH AUGUST: 1:00-2:00PM
GURU NANAK GURDWARA, LEICESTER, LE1 4LJ
WED 14TH AUGUST - 7:30-8:10PM:
GURU HAR RAI SAHIB GURDWARA, WEST BROMWICH, B70 6JW
SUN 18TH AUGUST - 2:00-3:00 PM:
GURU HAR RAI GURDWARA, WEST BROMWICH, B70 6JW
MON 19TH AUGUST - SUN 25TH AUGUST: 7:00-7:30AM &
6:45-7:30PM
SEDLEY STREET, WOLVERHAMPTON, WV2 3AJ
MON 26TH AUGUST - SUN 1ST SEPTEMBER: 7:30-8:15AM,
10:00-11:00AM & 7:15-8:00PM
BABA SANG GURDWARA, SMETHWICK, B66 1EE
SANT BEANT SINGH | WHATSAPP: +918530000006



ਬਾਲਾ ਪ੍ਰੀਤਮ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ
ਮਹਾਨ ਗੁਰਮਤਿ ਸਮਾਗਮ
ਗੁਰਦੁਆਰਾ ਸ੍ਰੀ ਪੰਜੋਖਰਾ ਸਾਹਿਬ ਪਾ. ਅੱਠਵੀਂ ਅੰਬਾਲਾ
27 ਜੁਲਾਈ 2024 ਦਿਨ ਸ਼ਨਿੱਚਰਵਾਰ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਉਪਰੰਤ ਆਰੰਭਤਾ ਮਹਾਨ ਨਗਰ ਕੀਰਤਨ ਸਵੇਰੇ 10:30 ਵਜੇ
ਮਿਤੀ 28 ਜੁਲਾਈ 2024 ਐਤਵਾਰ ਦਿਨ ਤੇ ਰਾਤ ਢਾਡੀ, ਕਵੀਸ਼ਰੀ ਅਤੇ ਕੀਰਤਨੀਏ ਸੰਗਤਾਂ ਨੂੰ ਨਿਹਾਲ ਕਰਨਗੇ
ਰੈਣ ਸਬਾਈ ਕੀਰਤਨ:- ਸਮਾਂ ਰਾਤ 11 ਵਜੇ ਤੋਂ 2 ਵਜੇ ਤੱਕ ਹੋਵੇਗਾ।
ਮਿਤੀ 29 ਜੁਲਾਈ 2024 ਦਿਨ ਸੋਮਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 9 ਵਜੇ ਉਪਰੰਤ 10 ਵਜੇ ਤੋਂ ਸ਼ਾਮ 4 ਵਜੇ ਤੱਕ ਧਾਰਮਿਕ ਦੀਵਾਨ ਸਜਣਗੇ
ਅੰਮ੍ਰਿਤ ਸੰਚਾਰ:- ਮਿਤੀ 29 ਜੁਲਾਈ 2024 ਦਿਨ ਸੋਮਵਾਰ ਸਵੇਰੇ 11 ਵਜੇ ਹੋਵੇਗਾ
(ਅੰਮ੍ਰਿਤ ਅਭਿਲਾਖੀ ਸਮੇਂ ਸਿਰ ਪਹੁੰਚ ਕੇ ਆਪਣਾ ਨਾਮ ਦਰਜ ਕਰਵਾਉਣ ਦੀ ਕ੍ਰਿਪਾਲਤਾ ਕਰਨ ਜੀ)
LIVE ON
ਬਾਲਾ ਪ੍ਰੀਤਮ TV
ਅਕਾਲ ਸਹਾਇ GURBANI
ਨੋਟ: ਕੋਈ ਵੀ ਸੱਜਣ ਸਟੇਜ ਸੈਕਟਰੀ ਦੀ ਆਗਿਆ ਤੋਂ ਬਿਨ੍ਹਾ ਬੋਲਣ ਦੀ ਖੇਚਲ ਨਾ ਕਰੇ।
ਰਾਤ ਦੀਪ-ਮਾਲਾ ਅਤੇ ਆਤਿਸ਼ਬਾਜ਼ੀ ਹੋਵੇਗੀ
ਸ.ਸੁਦਰਸ਼ਨ ਸਿੰਘ ਅੰਬਾਲਾ ਸੀਨੀਅਰ ਮੀਤ ਪ੍ਰਧਾਨ
ਸ.ਭੁਪਿੰਦਰ ਸਿੰਘ ਅੰਬਾਲਾ ਮੈਂਬਰ
ਸ.ਤਰਵਿੰਦਰਪਾਲ ਸਿੰਘ ਅੰਬਾਲਾ ਅੰਤ੍ਰਿੰਗ ਮੈਂਬਰ
ਭਾਈ ਬੂਟਾ ਸਿੰਘ ਹੈਡ ਗ੍ਰੰਥੀ ਗੁ: ਸ੍ਰੀ ਪੰਜੋਖਰਾ ਸਾਹਿਬ
ਸ. ਸੁਖਵਿੰਦਰ ਸਿੰਘ ਮੰਡੇਬਰ ਜਰਨਲ ਸਕੱਤਰ
ਪ੍ਰਧਾਨ ਅਤੇ ਸਮੂੰਹ ਮੈਂਬਰ ਸਾਹਿਬਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਬੇਨਤੀ ਕਰਤਾ: ਮੈਨੇਜਰ ਗੁ. ਸ੍ਰੀ ਪੰਜੋਖਰਾ ਸਾਹਿਬ ਪਾ.ਅੱਠਵੀਂ ਅੰਬਾਲਾ ਮੋ. 9991037375, 9728333218
HDFC BANK
HDFC BANK
BRANCH: PANJOKHRA, AMBALA

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਗੁਰਮਤਿ ਸਮਾਗਮ

- ਧੰਨ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅਨੰਤ ਪਿਆਰੇ ਸਿੱਖ ਭਾਈ ਰੂਪ ਚੰਦ ਜੀ
- ਸਲਾਨਾ ਬਰਸੀਂ ਭਾਈ ਰੂਪ ਚੰਦ ਸਮਾਧ ਭਾਈ ( ਮੋਗਾ) ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।

**ਸ਼ਨਿੱਚਰਵਾਰ 27 ਜੁਲਾਈ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ**

ਐਤਵਾਰ 28 ਜੁਲਾਈ 2024 ਨੂੰ 6:30 ਵਜੇ ਸਵੇਰੇ ਚੋਪੈਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9: 30 ਵਜੇ ਭੋਗ ਪੈਣਗੇ ਉਪੰਰਤ 12:30 ਵਜੇ ਤੱਕ ਦੀਵਾਨ ਸਜਣਗੇ



ਕੀਰਤਨੀ ਜਥਾ ਰਾਗੀ ਭਾਈ ਦਲੇਰ ਸਿੰਘ ਸਾਬਕਾ ਹਜ਼ੂਰੀ ਰਾਗੀ ਸ੍ਰੀ ਬੰਗਲਾ ਸਾਹਿਬ ਦਿੱਲੀ ਵਾਲੇ

ਕੀਰਤਨ ਦਰਬਾਰ ਰਾਗੀ ਭਾਈ ਦਲੇਰ ਸਿੰਘ ਸਾਬਕਾ ਹਜ਼ੂਰੀ ਰਾਗੀ ਸ੍ਰੀ ਬੰਗਲਾ ਸਾਹਿਬ ਦਿੱਲੀ ਵਾਲੇ ਕੀਰਤਨ ਰਾਹੀਂ ਗੁਰਬਾਣੀ ਕੀਰਤਨ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

- ਛਬੀਲ ਵੀ ਲੱਗੇਗੀ
- ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ☛ ਆਪਣਾ ਕੀਮਤੀ ਸਮਾਂ ਕੱਢਕੇ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap
26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778

## ਜਥੇਦਾਰ ਬਾਬਾ ਅਮਰ ਸਿੰਘ ਜੀ ਜੱਥੋਵਾਲ ਵਾਲਿਆਂ ਵੱਲੋਂ ਵਾਤਾਵਰਨ ਮੁਹਿੰਮ 'ਚ ਹਿੱਸਾ ਪਾਉਂਦਿਆਂ ਹੋਇਆਂ ਬੂਟੇ ਵੰਡੇ

# ਬੂਟਿਆਂ ਦੀ ਸੇਵਾ ਨਿਭਾ ਰਹੇ ਨੌਜਵਾਨਾਂ ਦਾ ਉਪਰਾਲਾ ਸ਼ਲਾਘਾਯੋਗ : ਜਥੇਦਾਰ ਬਾਬਾ ਅਮਰ ਸਿੰਘ



**ਜੰਡਿਆਲਾ ਗੁਰੂ, 25 ਜੁਲਾਈ (ਕੁਲਵੰਤ ਸਿੰਘ ਵਿਰਦੀ )**-ਦਰਖਤਾਂ ਦੀ ਘਾਟ ਕਾਰਨ ਆ ਰਹੀਆਂ ਕੁਦਰਤੀ ਆਫ਼ਤਾਂ ਅਤੇ ਪਾਣੀ ਦੇ ਘਟਦੇ ਲੈਵਲ ਨੂੰ ਵੇਖਦਿਆਂ ਹੋਇਆਂ ਵਿਸ਼ੇਸ਼ ਉਪਰਾਲੇ ਤਹਿਤ ਜਥੇਦਾਰ ਬਾਬਾ ਅਮਰ ਸਿੰਘ ਜੀ ਜਥੋਵਾਲ ਵਾਲਿਆਂ ਵੱਲੋਂ ਵਾਤਾਵਰਨ ਮੁਹਿੰਮ ਚ ਹਿੱਸਾ ਲੈਂਦਿਆਂ ਹੋਇਆਂ ਬੂਟਾ ਲਗਾ ਕੇ ਸੇਵਾ ਨਿਭਾਈ ਅਤੇ ਬਾਅਦ ਚ ਬਾਬਾ ਅਮਰ ਸਿੰਘ ਜੀ ਵੱਲੋਂ ਆਪਣੇ ਹੱਥੀਂ ਬੂਟੇ ਵੰਡਣ ਦੀ ਸ਼ੁਰੂਆਤ ਕੀਤੀ ਗਈ ਜਿਸ ਵਿੱਚ 300 ਦੇ ਕਰੀਬ ਬੂਟੇ ਵੰਡੇ ਗਏ ਇਸ ਮੌਕੇ ਬਾਬਾ ਜੀ ਨੇ ਵੀਚਾਰ ਸਾਂਝੇ ਕਰਦਿਆਂ ਹੋਇਆਂ ਕਿਹਾ ਕਿ ਪੰਜਾਬ ਵਿੱਚ ਵੱਖ ਵੱਖ ਜਗ੍ਹਾ ਤੇ ਨੌਜਵਾਨਾਂ ਵੱਲੋਂ ਅਤੇ ਪਿੰਡਾਂ ਸ਼ਹਿਰਾਂ ਦੀਆਂ ਸੰਗਤਾਂ ਵੱਲੋਂ ਬੂਟੇ ਲਗਾਉਣ ਦੀ ਮੁਹਿੰਮ ਬਹੁਤ ਜ਼ੋਰਾਂ ਤੇ ਚੱਲ ਰਹੀ ਹੈ ਉੱਥੇ ਪਿੰਡ ਤਾਰਾਗੜ੍ਹ ਦੇ ਨੌਜਵਾਨਾਂ ਸੰਗਤਾਂ ਵੱਲੋਂ ਬੂਟੇ ਲਗਾਏ ਜਾ ਰਹੇ ਹਨ ਇਸ ਦੀ ਸ਼ਲਾਘਾ ਕੀਤੀ ਜਾਂਦੀ ਹੈ ਅੱਗੇ ਉਨ੍ਹਾ ਕਿਹਾ ਕਿ ਇਸ ਵਾਰੀ ਗਰਮੀ ਕਾਰਨ ਤਾਪਮਾਨ 50 ਡਿਗਰੀ ਤੱਕ ਪੁੱਜ ਚੁੱਕਾ ਹੈ ਜੋ ਇਨਸਾਨ ਦੀ ਝੱਲਣ ਸ਼ਕਤੀ ਤੋਂ ਬਾਹਰ ਹੈ ਉਹਨਾਂ ਆਈਆਂ ਹੋਈਆ ਸੰਗਤਾਂ ਨੂੰ ਬੇਨਤੀ ਕੀਤੀ ਕਿ ਹਰੇਕ ਮਨੁੱਖ ਇੱਕ ਬੂਟਾ ਜ਼ਰੂਰ ਲਗਾਵੇ ਅੱਗੇ ਉਨ੍ਹਾ ਨੇ ਕਿਹਾ ਕਿ ਇਸ ਵਕਤ ਨੌਜਵਾਨਾਂ ਦੇ ਉਪਰਾਲਿਆਂ ਦੀ ਸਾਰੇ ਸਮਾਜ ਨੂੰ ਲੋੜ ਹੈ 9 ਇਸ ਮੌਕੇ ਲਵਪ੍ਰੀਤ ਸਿੰਘ ,ਅਮਨਪ੍ਰੀਤ ਸਿੰਘ,ਪਵਨਦੀਪ ਸਿੰਘ ,ਦਲਜੀਤ ਸਿੰਘ ਗੋਲਡੀ ,ਜਗਦੀਸ ਸਿੰਘ , ਗੁਰਜੰਟ ਸਿੰਘ , ਹਰਮਨਦੀਪ ਸਿੰਘ, ਰਾਜਾ ਹਾਂਡਾ, ਅੰਸ਼ਦੀਪ ਸਿੰਘ, ਰਾਜਨ, ਮਹਿਕ ਦੀਪ ਸਿੰਘ , ਸੋਨੂੰ, ਕੰਵਲਜੀਤ ਸਿੰਘ ,ਮਾਨਕ, ਗੁਰਸਿਮਰਨ ਸਿੰਘ ਆਦਿ ਹਾਜ਼ਰ ਸਨ॥

ਆਵਾਜ਼ਿ ਕੌਮ AWAZE QAUM International Newspaper & WEB TV

# ਐੱਸ ਜੀ ਐੱਨ ਇੰਟਰਨੈਸ਼ਨਲ ਸਕੂਲ ਦੀਵਾਨਾ ਵਿਖੇ ਮੈਂਗੋ ਡੇਅ ਮਨਾਇਆ




ਮਹਿਲ ਕਲਾਂ/ਬਰਨਾਲਾ (ਵਰਿਆਮ ਹਠੂਰ) ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਐੱਸ ਜੀ ਐੱਨ ਇੰਟਰਨੈਸ਼ਨਲ ਸਕੂਲ ਦੀਵਾਨਾ ਵਿਖੇ ਸੰਸਥਾਂ ਚ ਫ਼ਲਾਂ ਦੇ ਰਾਜੇ ਨੂੰ ਸਮਰਪਿਤ ਰਾਸ਼ਟਰੀ ਮੈਂਗੋ ਡੇਅ (ਅੰਬ ਦਿਵਸ ) ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਪ੍ਰੋਗਰਾਮ ਦਾ ਉਦੇਸ਼ ਬੱਚਿਆਂ ਨੂੰ ਅੰਬ ਫਲ ਦੇ ਫਾਇਦਿਆਂ ਅਤੇ ਵਿਸ਼ੇਸ਼ਤਾਵਾਂ ਬਾਰੇ ਜਾਗਰੂਕ ਕਰਨਾ ਸੀ। ਨਰਸਰੀ ਅਤੇ ਕੇ ਜੀ ਕਲਾਸ ਦੇ ਛੋਟੇ ਬੱਚਿਆਂ ਨੇ ਮੈਂਗੋ ਡੇਅ ਗਤੀਵਿਧੀਆਂ ਚ ਭਾਗ ਲੈਂਦੇ ਹੋਏ ਪੀਲੇ ਅਤੇ ਹਰੇ ਰੰਗ ਦੀਆਂ ਪੁਸ਼ਾਕਾਂ ਪਹਿਨ ਕੇ ਆਏ। ਐਕਟੀਵਿਟੀ ਹਾਲ ਨੂੰ ਪੀਲੇ ਅਤੇ ਹਰੇ ਰੰਗ ਨਾਲ , ਅੰਬਾਂ ਨੂੰ ਦਰਸਾਉਂਦੇ ਕੱਟ ਆਊਟ ਲਗਾਕੇ ਸਜਾਇਆ ਗਿਆ। ਛੋਟੇ ਬੱਚਿਆਂ ਦੀਆਂ ਮੈਂਗੋ ਰੇਸ, ਮੈਂਗੋ ਪਾਰਸਲ ਖੇਡ, ਮੈਂਗੋ ਪੇਂਟਿੰਗ ਖੇਡਾਂ ਕਰਵਾਈਆਂ ਗਈਆਂ। ਅਧਿਆਪਕਾਂ ਨੇ ਬੱਚਿਆਂ ਨੂੰ ਅੰਬਾਂ ਦੀਆਂ ਵੱਖ ਵੱਖ ਕਿਸਮਾਂ, ਖਾਣ ਦੇ ਫਾਇਦੇ ਅਤੇ ਖਾਣ ਦੇ ਤਰੀਕੇ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਅੰਬ ਫਲ ਕੇਵਲ ਖਾਣ ਚ ਰਸੀਲਾ ਅਤੇ ਮਿੱਠਾ ਹੀ ਨਹੀਂ ਹੁੰਦਾ ਸਗੋਂ ਇਸ ਫਲ ਚ ਕਈ ਪੋਸ਼ਿਟਕ ਤੱਤ ਅਤੇ ਗੁਣਕਾਰੀ ਵਿਟਾਮਿਨ ਵੀ ਹੁੰਦੇ ਹਨ। ਦੁਪਹਿਰ ਦੇ ਲੰਚ ਸਮੇਂ ਬੱਚਿਆਂ ਨੇ ਰਸੀਲੇ ਅੰਬਾਂ ਦਾ ਲੁਤਫ਼ ਲੈਂਦੇ ਹੋਏ ਖ਼ੂਬ ਮਸਤੀ ਕੀਤੀ। ਪ੍ਰਿੰਸੀਪਲ ਮੱਖਣ ਸਿੰਘ ਦੀਵਾਨਾ ਨੇ ਮੈਂਗੋ ਡੇਅ ਗਤੀਵਿਧੀਆਂ ਦੇ ਵੱਖ ਵੱਖ ਮੁਕਾਬਲਿਆਂ ਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਬੱਚਿਆਂ ਦੇ ਬੌਧਿਕ, ਬਹੁਪੱਖੀ ਵਿਕਾਸ ਅਤੇ ਨਵੀਂਆਂ ਚੀਜ਼ਾਂ ਦੇ ਗਿਆਨ ਲਈ ਅਜਿਹੀਆ ਸਰਗਰਮੀਆਂ ਦਾ ਆਯੋਜਨ ਕਰਨਾ ਅਤਿ ਜ਼ਰੂਰੀ ਹੈ । ਮੈਂਗੋ ਡੇਅ ਤੇ ਸਕੂਲ ਵਿੱਚ ਅੰਬਾਂ ਦੇ ਬੂਟੇ ਲਗਾਏ ਗਏ। ਇਸ ਮੌਕੇ ਸਕੂਲ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਜੀ,ਟੀ,ਬੀ ਪਬਲਿਕ ਸਕੂਲ ਬਰੜਵਾਲ ਵਿਖੇ

# ਟਰੈਫਿਕ ਨਿਯਮਾਂ ਦਾ ਸੈਮੀਨਾਰ ਲਗਾਇਆ ਗਿਆ




**ਧੂਰੀ (ਰਣਜੀਤ ਸਿੰਘ ਪੇਧਨੀ)**-ਪੰਜਾਬ ਸਰਕਾਰ ਵੱਲੋਂ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਵਹੀਕਲ ਚਲਾਉਣ ਤੋਂ ਰੋਕਣ ਦੇ ਲਈ ਟਰੈਫਕੋ ਪੁਲਿਸ ਵੱਲੋਂ ਵੱਖ-ਵੱਖ ਜਗ੍ਹਾ ਤੇ ਸਕੂਲਾਂ ਕਾਲਜਾਂ ਵਿੱਚ ਕੈਂਪ ਲਗਾ ਕੇ ਟਰੈਫਿਕ ਪੁਲਿਸ ਵੱਲੋਂ ਵੱਖ-ਵੱਖ ਜਗ੍ਹਾ ਤੇ ਸਕੂਲਾਂ, ਕਾਲਜਾਂ ਵਿੱਚ ਕੈਂਪ ਲਗਾ ਕੇ ਨੌਜਵਾਨ ਬੱਚਿਆਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਇਸੇ ਹੀ ਤਹਿਤ ਡੀ,ਐਸ,ਪੀ ਗੁਰਦੇਵ ਸਿੰਘ ਧਾਲੀਵਾਲ ਅਤੇ ਜਿਲਾ ਟਰੈਫਿਕ ਇੰਚਾਰਜ ਪਵਨ ਕੁਮਾਰ ਦੀ ਅਗਵਾਈ ਹੇਠ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਬਰੜਵਾਲ ਵਿਖੇ ਜਾਗਰੂਕ ਸੈਮੀਨਾਰ ਲਗਾਇਆ ਗਿਆ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਆਪਣੇ ਭਾਸ਼ਣ ਵਿੱਚ ਬੱਚਿਆਂ ਦੇਮਾਪਿਆਂ ਨੂੰ ਅਪੀਲ ਕੀਤੀ ਗਈ ਕਿ ਕਿਹਾ ਹੈ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਕਦੇ ਵੀ ਵਹੀਕਲ ਨਾ ਚੱਕਣ ਦਿੱਤਾ ਜਾਵੇ ਅਤੇ 18 ਸਾਲ ਦੇ ਉੱਪਰ ਦੇ ਬੱਚਿਆਂ ਨੂੰ ਬਿਨਾਂ ਲਾਈਸੰਸ ਤੋਂ ਆਉਣ ਜਾਣ ਦੇ ਲਈ ਵਹੀਕਲ ਨਾ ਦਿੱਤਾ ਜਾਵੇ ।ਇਸ ਮੌਕੇ ਟਰੱਸਟੀ ਮੈਬਰ ਜਤਿੰਦਰ ਸਿੰਘ ਮੰਡੇਰ, ਸਾਬਕਾ ਚੇਅਰਮੈਨ ਬਲਵੰਤ ਸਿੰਘ ਮੀਮਸਾ, ਡਾਕਟਰ ਬਲਵੀਰ ਸਿੰਘ , ਗੁਰਵਿੰਦਰ ਸਿੰਘ ਜੱਗਾ ਬਰੜਵਾਲ, ਏ ਐਸ ਆਈ ਸੰਜੇ ਕੁਮਾਰ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਗੌ.ਸੀ.ਸੈਕੰਡਰੀ ਸਮਾਰਟ ਸਕੂਲ ਕੁੰਦਨ ਨਗਰੀ ਵਿਚ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਬੱਚਿਆਂ ਦਾ, ਬੱਚਿਆਂ ਲਈ, ਬੱਚਿਆਂ ਦੁਆਰਾ ਪੇਸ਼ ਕੀਤਾ ਗਿਆ ਪ੍ਰੋਗਰਾਮ—ਪੀ.ਸੀ ਕੁਮਾਰ



ਫ਼ਿਰੋਜ਼ਪੁਰ, 25 ਜੁਲਾਈ (ਮਨੋਹਰ ਲਾਲ) :— ਅੱਜ ਸਰਕਾਰੀ ਸਕੂਲ ਵਿਚ ਪੰਜਾਬ ਸਰਕਾਰ ਦੇ ਉਲੀਕੇ ਗਏ ਪ੍ਰੋਗਰਾਮ ਮੁਤਾਬਿਕ ਇਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਸ੍ਰੀ ਪੀ.ਸੀ ਕੁਮਾਰ ਸੇਵਾ ਮੁਕਤ ਮਾਸ ਮੀਡੀਆ ਅਫਸਰ ਸਿਹਤ ਵਿਭਾਗ ਸੀਨੀਅਰ ਸਿਟੀਜਨ, ਸਮਾਜ ਸੇਵੀ ਸੰਸਥਾਵਾਂ ਤੇ ਸਦਾਵਰਤ ਪੰਚਾਇਤੀ ਦੇ ਸਿਰ ਕੱਢ ਸੰਸਥਾ ਦੇ ਮੁੱਖ ਕਾਰਜਕਰਤਾ ਸਮਾਜ ਸੁਧਾਰਕ ਐਕਸ ਮੀਤ ਪ੍ਰਧਾਨ ਨਗਰ ਕੌਂਸਲ ਤੇ ਸਮਾਜ ਸੁਧਾਰ ਵੋਮੈਨ ਸੈਲ, ਲੋਕ ਅਦਾਲਤਾਂ ਆਦਿ ਦੇ ਮੈਂਬਰ ਇਸ ਵਿਚ ਮੁੱਖ ਮਹਿਮਾਨ ਦੇ ਤੌਰ ਤੇ ਸ਼ਾਮਲ ਹੋਏ, ਜਿਨ੍ਹਾਂ ਦਾ ਬੱਚਿਆਂ, ਅਧਿਆਪਕਾਂ ਦੁਆਰਾ ਨਿੱਘਾ ਸਵਾਗਤ ਕੀਤਾ ਗਿਆ ਅਤੇ ਖੁਸ਼ੀ ਸਾਂਝੀ ਕਰਦੇ ਹੋਏ ਬੱਚਿਆਂ ਦੁਆਰਾ ਅਧਿਆਪਕਾਂ ਦੇ ਉਪਰਾਲੇ ਸਦਕਾ ਤਿਆਰ ਕੀਤੀਆਂ ਹ ਰਵਿਸ਼ੇ ਭਾਵ ਸਰੀਰਕ, ਮਾਨਸਿਕ, ਸਮਾਜਿਕ ਤੌਰ ਤੇ ਕੁਰੀਤੀਆਂ, ਬਿਮਾਰੀਆਂ, ਮਾਨਸਿਕ ਪ੍ਰੇਸ਼ਾਨੀਆਂ ਤੋਂ ਮੁਕਤ ਪਰਿਵਾਰ, ਸਮਾਜ ਦੇਸ਼ ਦੀ ਸਿਰਜਨਾ ਲਈ ਘਰ, ਸਕੂਲ, ਸਮਾਜ, ਦੇਸ਼ ਵਿਚ ਚੰਗੇ ਬੱਚੇ ਹੋਣਹਾਰ ਵਿਦਿਆਰਥੀ, ਆਦਰਸ਼ ਨਾਗਰਿਕ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਦੇਸ਼ ਦੀ ਸਿਰਜਨਾ ਵਾਲੇ ਗੁਣਾਂ ਦੇ ਧਾਰਨੀ ਛੋਟੇ ਹੁੰਦਿਆਂ ਤੋਂ ਬਨਣ ਲਈ ਮਾਂ, ਬਾਪ, ਟੀਚਰਾਂ ਦਾ ਮਾਨ ਸਨਮਾਨ ਉਨ੍ਹਾਂ ਦੀਆਂ ਸਿੱਖਿਆਵਾਂ ਤੇ ਚਲਦੇ ਹੋਏ ਇਕ ਸਰਵਨ ਪੁੱਤਰ ਮਿਸਾਲ ਦਾ ਵਿਦਿਆਰਥੀ ਤੇ ਚੰਗੇ ਨਾਗਰਿਕ ਵਾਲੇ ਗੁਣਾਂ ਦੇ ਧਾਰਨੀ ਬਨਣ ਦੇ ਇਨ੍ਹਾਂ ਪ੍ਰਸਤੂਤ ਆਇਟਮਾਂ ਜ਼ੋ ਹਰ ਕਲਾਸ ਵਰਗ ਦੇ ਬੱਚੇ ਇਕਲੇ ਤੇ ਗਰੁੱਪ ਰਾਹੀਂ ਪੇਸ਼ ਕਰਦੇ ਬਹੁਤ ਵਧੀਆ ਢੰਗ ਨਾਲ ਪੇਸ਼ ਕਦਮੀ ਕੀਤੀ ਤੇ ਬਾਵਾ ਬਰਾਸਿਲ ਕੀਤੀ, ਜਿਸ ਦਾ ਜ਼ੋਰਦਾਰ ਤਾੜੀਆਂ ਨਾਲ ਸਵਾਗਤ ਕੀਤਾ ਗਿਆ। ਇਸ ਮੌਕੇ ਤੇ ਸ੍ਰੀ ਪੀ.ਸੀ ਕੁਮਾਰ ਮੁੱਖ ਮਹਿਮਾਨ ਦੁਆਰਾ ਪ੍ਰਸੰਸਾ ਕਰਦੇ ਹੋਏ ਇਸ ਗਲਤ ਫਖਰ ਕੀਤਾ ਨਾਲ ਹੀ ਉਨ੍ਹਾਂ ਬੱਚਿਆਂ ਜਿਨ੍ਹਾਂ ਨਾ ਕੇਵਲ ਆਪਣਾ ਪਰੀਚਰ ਸਮਾਜ, ਦੇਸ਼ ਦਾ ਨਾਮ ਰੋਸ਼ਨ ਕੀਤਾ, ਬਲਕਿ ਸਮੁੱਚੀ ਮਾਨਵਤਾ ਦੇ ਲਈ ਅਜਿਹੇ ਕੰਮ ਸੇਵਾ, ਭਗਤੀ, ਬਰਾਦਰੀ, ਕੁਰਬਾਨੀਆਂ, ਅਦੁਤੀਆਂ ਦੇ ਕੇ ਅੱਜ ਹਰ ਨਾਲ ਉਨ੍ਹਾਂ ਦੇ ਜਨਮ ਸ਼ਹੀਦੀ ਦਿਨ ਸਭਾ ਉਨ੍ਹਾਂ ਦੇ ਗੁਣਾਂ ਦੇ ਧਾਰਨੀ ਬਨਣ ਲਈ ਸਾਨੂੰ ਪ੍ਰੇਰਣਾ ਮਿਲਦੀ ਹੈ, ਨਾਲ ਹੀ ਅੱਜ ਜ਼ੋ ਇਨ੍ਹਾਂ ਫਾਸਟ ਫੂਡਾਂ, ਮੋਬਾਇਲਾਂ ਦੀ ਦੁਰਵਰਤੋਂ ਨਸ਼ਿਆਂ ਦਾ ਪ੍ਰਕੋਪ ਆਚਰ ਨਹੀਂ ਤਾਂ ਰਸਤੇ ਤੋਂ ਭਟਕ ਆਪਣੀ ਸੰਸਕ੍ਰਿਤੀ ਛੱਡ ਬਾਹਰੀ ਦੇ ਪ੍ਰਭਾਵ ਸਰਕਾਰ ਜ਼ੋ ਘਰ, ਸਮਾਜ, ਦੇਸ਼ ਨੂੰ ਅਰਾਜਕਤਾ ਵੱਲ ਲਿਜਾ ਅੱਜ ਖੇਰੂ—ਖੇਰੂ ਕਰਨ ਵੱਲ ਮੈਂ ਜਾ ਰਿਹਾ, ਉਸ ਤੋਂ ਸੁਚੇਤ ਰਹਿਣਾ ਬਣੇ, ਵਿਰਸੇ ਨੂੰ ਯਾਦ ਨਹੀਂ ਸੰਭਾਲਣ ਦੀ ਲੋੜ, ਨਾਲ ਇਨ੍ਹਾਂ ਆਇਟਮਾਂ ਰਾਹੀਂ ਪੇਸ਼ ਕਰ ਬੱਚਿਆਂ ਵਿਚ ਅਦੁੱਤੇ ਗੁਣਾਂ ਦਾ ਪ੍ਰਗਟਾਵਾ ਕਰਕੇ ਅਜਿਹਾ ਪ੍ਰਦਰਸ਼ਨ ਕਰਦੇ ਚੰਗੇ ਸਮਾਜ ਦੀ ਸਿਰਜਨਾ ਲਈ ਬੱਚਿਆਂ, ਮਾਪਿਆਂ, ਟੀਚਰਾਂ, ਪਰੀਚਰਾਂ, ਲੀਡਰਾਂ ਜ਼ੋ ਸਾਡੇ ਰਹਿਨੁਮਾ ਹਨ, ਉਨ੍ਹਾਂ ਦੀ ਕਹਿਣੀ, ਕਰਨੀ, ਕਥਨੀ ਇਕ ਆਉਣ ਵਾਲੀ ਪੀੜ੍ਹੀ ਲਈ ਇਕ ਉਦਾਹਰਣ ਬਨ ਨੇਕੀ ਦੀ ਮੱਦਦ ਕਰਨਾ ਨੇਕੀ, ਇਕ ਚੰਗਾ ਪ੍ਰਦਰਸ਼ਨ ਅੱਜ ਦੇ ਇਸ ਪ੍ਰੋਗਰਾਮ ਦਾ ਮੁੱਖ ਮੰਤਵ ਜ਼ੋ ਸਰਕਾਰਾਂ ਦੀ ਚੰਗੀ ਸੋਚ ਦਾ ਪ੍ਰਗਟਾਵਾ ਹੈ। ਇਸ ਮੌਕੇ ਹਰ ਇਕ ਪਾਰਟੀਸਿਪੇਟ ਵੱਲੋਂ ਹੀ ਨਹੀਂ ਸਰੋਤਿਆਂ ਵੱਲੋਂ ਵੀ ਚੰਗਾ ਹੁੰਗਾਰਾ ਮਿਲਣਾ ਇਸ ਗੱਲ ਦਾ ਸੰਕੇਤ ਸੀ ਸਾਨੂੰ ਅਜਿਹੇ ਪ੍ਰੋਗਰਾਮ ਦਾ ਆਯੋਜਨ ਚੰਗੇ ਨਤੀਜੇ ਸੋਚ ਬਦਲਣ ਦਾ ਨਤੀਜਾ ਹੈ, ਆਖਰੀ ਪ੍ਰਧਾਨਗੀ ਭਾਸ਼ਨ ਦੇ ਨਾਲ ਹਰ ਬੱਚੇ ਜਿਨ੍ਹਾਂ ਭਾਗ ਲਿਆ ਸਟੇਸ਼ਨਰੀ ਦੇ ਕੇ ਸਨਮਾਨਿਤ ਕੀਤਾ, ਨਾਲ ਹੀ ਦੂਜਿਆਂ ਬੱਚਿਆਂ ਨੂੰ ਅਗਲੇ ਪ੍ਰੋਗਰਾਮ ਵਿਚ ਹਿੱਸਾ ਲੈਣ ਦਾ ਪ੍ਰਣ ਲਿਆ, ਬੱਚਿਆਂ, ਟੀਚਰਾਂ, ਪ੍ਰਿੰਸੀਪਲ ਦਾ ਧੰਨਵਾਦ ਹੀ ਨਹੀਂ ਬਲਕਿ ਸ਼ੁਕਰਾਨਾ ਸਮੇਂ ਦੀ ਮੰਗ ਇਕੋ—ਇਕ ਹੱਲ ਆਖਰ ਇਸ ਸੰਸਥਾ ਦੇ ਮੈਂਬਰਾ ਸ੍ਰੀ ਕੁਮਾਰ, ਕਪੂਰ, ਮੌਂਗਾ, ਚਾਵਲਾ, ਬਜਾਜ ਆਦਿ ਸਹਿਯੋਗ ਦਾ ਪਿਆਰ ਦਾ ਪ੍ਰਗਟਾਵਾ ਕਰਦੇ ਹਨ। ਇਸ ਮੌਕੇ ਪ੍ਰਿੰਸੀਪਲ ਰਵਿੰਦਰ ਕੌਰ ਵੱਲੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਜਨਮ ਦਿਨ ਮੁਬਾਰਕ



ਪਰਵੀਨ ਕੌਰ
ਪਿਤਾ ਬਲਜਿੰਦਰ ਸਿੰਘ
ਮਾਤਾ ਰਾਜਬੀਰ ਕੌਰ
ਪਿੰਡ ਚੰਨਣਕੇ



ਪ੍ਰਭਜੀਤ ਸਿੰਘ
ਪਿਤਾ ਜਸਵੰਤ ਸਿੰਘ
ਮਾਤਾ ਪਰਮਜੀਤ ਕੌਰ
ਵਾਸੀ : ਚੌਕ ਮਹਿਤਾ

### ਬਦਲਵੇਂ ਫਸਲੀ ਚੱਕਰ ਨੂੰ ਪ੍ਰੋਤਸਾਹਿਤ ਕਰੇਗੀ, ਗੁਰੂ ਕਾਸ਼ੀ ਯੂਨੀਵਰਸਿਟੀ- ਗੁਰਲਾਭ ਸਿੰਘ ਸਿੱਧੂ

# ਖੋਜ ਕਾਰਜ ਲਈ ਗੁਰੂ ਕਾਸ਼ੀ ਯੂਨੀਵਰਸਿਟੀ ਨੇ "ਡ੍ਰੈਗਨ ਫਰੂਟ" ਦਾ ਲਗਾਇਆ ਬਾਗ





**ਤਲਵੰਡੀ ਸਾਬੋ, 25 ਜੁਲਾਈ (ਗੁਰਜੰਟ ਸਿੰਘ ਨਥੇਹਾ)**- ਪੰਜਾਬ ਦੀ ਕਿਸਾਨੀ ਨੂੰ ਬਾਗਵਾਨੀ ਵੱਲ ਮੋੜਨ ਲਈ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਫੈਕਲਟੀ ਆਫ਼ ਐਗਰੀਕਲਚਰ ਦੇ ਬਾਗਵਾਨੀ ਵਿਭਾਗ ਵੱਲੋਂ ਡ੍ਰੈਗਨ ਫਰੂਟ ਦੇ ਬਾਗ ਲਗਾਉਣ ਦੀ ਸ਼ੁਰੂਆਤ ਸ. ਗੁਰਲਾਭ ਸਿੰਘ ਸਿੱਧੂ, ਚਾਂਸਲਰ ਅਤੇ ਪ੍ਰੋ.(ਡਾ.) ਐਸ.ਕੇ.ਬਾਵਾ, ਉਪ ਕੁਲਪਤੀ ਵੱਲੋਂ "ਡ੍ਰੈਗਨ ਫਰੂਟ" ਲਗਾ ਕੇ ਕੀਤੀ। ਇਸ ਮੌਕੇ ਡਾ. ਵਰਿੰਦਰ ਸਿੰਘ ਪਾਹਿਲ, ਐਡਵਾਈਜ਼ਰ ਟੂ ਚਾਂਸਲਰ, ਡਾ. ਆਰ.ਪੀ.ਸਹਾਰਨ, ਡੀਨ, ਫੈਕਲਟੀ ਮੈਂਬਰ, ਖੋਜ਼ਾਰਥੀ ਅਤੇ ਵਿਦਿਆਰਥੀਆਂ ਵੱਲੋਂ ਪੌਦੇ ਲਗਾ ਕੇ ਕਿਸਾਨਾਂ ਨੂੰ ਬਾਗਵਾਨੀ ਵੱਲ ਜਾਣ ਦਾ ਸੁਨੇਹਾ ਦਿੱਤਾ ਗਿਆ। ਬਾਗ ਲਗਾਉਣ ਦੇ ਆਗਾਜ਼ ਮੌਕੇ ਗੁਰਲਾਭ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ, ਜਿਸ ਵਿੱਚ ਕਿਸਾਨਾਂ ਵੱਲੋਂ ਰਵਾਇਤੀ ਫਸਲਾਂ ਦੀ ਪੈਦਾਵਾਰ ਵੱਧ ਕੀਤੀ ਜਾਂਦੀ ਹੈ ਸੋ ਕਿਸਾਨਾਂ ਨੂੰ ਬਾਗਵਾਨੀ ਵੱਲ ਪ੍ਰੋਤਸਾਹਿਤ ਕਰਨ ਲਈ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਖੇਤੀ ਮਾਹਿਰਾਂ ਤੇ ਖੋਜਾਰਥੀਆਂ ਨੇ ਲੰਬੇ ਖੋਜ਼ ਕਾਰਜਾਂ ਤੋਂ ਬਾਦ ਡ੍ਰੈਗਨ ਫਰੂਟ ਦੀ ਖੇਤੀ ਨੂੰ ਇਸ ਇਲਾਕੇ ਲਈ ਹਰ ਪੱਖੋਂ ਲਾਹੇਵੰਦ ਪਾਇਆ ਹੈ ਇਸ ਲਈ ਜੀ.ਕੇ.ਯੂ. ਨੇ ਇਸ ਦੇ ਬਾਗ ਲਗਾਉਣ ਦੀ ਪਹਿਲ ਕੀਤੀ। ਉਨ੍ਹਾਂ ਜੀ.ਕੇ.ਯੂ. ਦੇ ਬਾਗਵਾਨੀ ਵਿਭਾਗ ਦੀ ਇਸ ਕਾਰਜ ਲਈ ਸ਼ਲਾਘਾ ਕੀਤੀ। ਡਾ. ਬਾਵਾ ਨੇ ਡ੍ਰੈਗਨ ਫਰੂਟ ਦੇ ਪ੍ਰੋਜੈਕਟ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਵਿਅਤਨਾਮ ਦਾ ਮੁੱਖ ਫੂਰਟ ਹੈ ਜਿਸ ਦੀ ਖੇਤੀ ਲਈ ਪੰਜਾਬ ਅਤੇ ਵਿਸ਼ੇਸ਼ ਤੌਰ 'ਤੇ ਮਾਲਵੇ ਦੀ ਮਿੱਟੀ ਅਤੇ ਵਾਤਾਵਰਣ ਕਾਫੀ ਸਹਾਈ ਹੈ, ਇਲਾਕੇ ਵਿੱਚ ਇਸ ਦੀ ਪੈਦਾਵਾਰ ਘੱਟ ਹੋਣ ਕਾਰਨ ਬਾਜ਼ਾਰ ਵਿੱਚ ਇਸ ਦਾ ਵਧੀਆ ਭਾਅ ਮਿਲਦਾ ਹੈ ਜਿਸ ਕਾਰਨ ਕਿਸਾਨ ਇਸ ਦੀ ਪੈਦਾਵਾਰ ਕਰਕੇ ਰਵਾਇਤੀ ਫਸਲਾਂ ਦੇ ਬਦਲ ਵਜੋਂ ਇਸ ਨੂੰ ਅਪਣਾ ਕੇ ਵਧੀਆ ਮੁਨਾਫਾ ਕਮਾ ਸਕਦੇ ਹਨ। ਡਾ. ਪਾਹਿਲ ਨੇ 'ਵਰਸਿਟੀ ਦੀ ਇਸ ਪਹਿਲ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਸ ਖੇਤਰ ਵਿੱਚ 'ਵਰਸਿਟੀ ਦੇ ਖੇਤੀ ਮਾਹਿਰਾਂ ਦੀ ਦੇਖ-ਰੇਖ ਹੇਠ ਖੋਜਾਰਥੀਆਂ ਵੱਲੋਂ ਖੋਜ ਕਾਰਜ ਵੱਡੇ ਪੱਧਰ 'ਤੇ ਜਾਰੀ ਹਨ ਤੇ ਜਲਦੀ ਹੀ ਨਵੀਆਂ ਤਕਨੀਕਾਂ ਦੇ ਇਸਤੇਮਾਲ ਨਾਲ ਇਸ ਖੇਤਰ ਵਿੱਚ ਹੋਰ ਨਵੀਆਂ ਕਿਸਮਾਂ ਦੀ ਖੋਜ ਕੀਤੀ ਜਾਵੇਗੀ, ਜੋ ਕਿਸਾਨਾਂ ਲਈ ਮਾਲੀ ਤੌਰ 'ਤੇ ਜ਼ਿਆਦਾ ਲਾਭਦਾਇਕ ਸਿੱਧ ਹੋਵੇਗੀ। ਡੀਨ, ਡਾ. ਸਹਾਰਨ ਨੇ ਲਾਏ ਗਏ ਡ੍ਰੈਗਨ ਫਰੂਟ ਦੀਆਂ ਕਿਸਮਾਂ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ 'ਵਰਸਿਟੀ ਵੱਲੋਂ ਇਸ ਦੀਆਂ ਲਾਲ ਅਤੇ ਪੀਲੀ ਦੋ ਕਿਸਮਾਂ ਲਾਈਆਂ ਗਈਆਂ ਜਿਸਦੇ ਫਲ ਤਿੰਨ ਸਾਲ ਬਾਦ ਬਾਜ਼ਾਰ ਵਿੱਚ ਬੇਚਣ ਯੋਗ ਹੋ ਜਾਣਗੇ। 'ਵਰਸਿਟੀ ਵਿਖੇ ਡ੍ਰੈਗਨ ਫਰੂਟ ਤੇ ਖੋਜ ਕਾਰਜ ਕਰ ਰਹੇ ਡਾ. ਨਵਦੀਪ ਸਿੰਘ ਅਤੇ ਡਾ. ਗੁਰਦੀਪ ਸਿੰਘ ਨੇ ਖੋਜਾਰਥੀਆਂ ਅਤੇ ਵਿਦਿਆਰਥੀਆਂ ਨੂੰ ਇਸ ਫ਼ਸਲ ਬਾਰੇ ਕਿਸਾਨਾਂ ਨੂੰ ਜਾਗਰੂਕ ਕਰਨ ਦੀ ਗੱਲ ਕੀਤੀ। ਉਨ੍ਹਾਂ ਦੱਸਿਆ ਕਿ ਡ੍ਰੈਗਨ ਫਰੂਟ ਦੀ ਬਿਜਾਈ ਤੇ ਪਾਣੀ ਦੀ ਖਪਤ ਘੱਟ ਹੁੰਦੀ ਹੈ ਤੇ ਸਪਰੇਅ ਦਾ ਖਰਚ ਵੀ ਨਾ-ਮਾਤਰ ਹੁੰਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

### ਕਾਂਗਰਸ ਪਾਰਟੀ ਦੇ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਨੇ

# ਪੀਰ ਬਾਬਾ ਘੋੜੇ ਸ਼ਾਹ ਦੀ ਦਰਗਾਹ 'ਤੇ ਚਾਦਰ ਚੜ੍ਹਾਉਣ ਦੀ ਰਸਮ ਅਦਾ ਕੀਤੀ



ਜੰਡਿਆਲਾ ਗੁਰੂ 25 ਜੁਲਾਈ ( ਕੁਲਵੰਤ ਸਿੰਘ ਵਿਰਦੀ ) ਜੰਡਿਆਲਾ ਗੁਰੂ ਵਿਖੇ ਸਥਿਤ ਧੰਨ ਧੰਨ ਪੀਰ ਬਾਬਾ ਘੋੜੇ ਸ਼ਾਹ ਜੀ ਦੀ ਦਰਗਾਹ ਤੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮਨਾਏ ਜਾ ਰਹੇ ਸਾਲਾਨਾ ਜੋੜ ਮੇਲੇ ਵਿੱਚ ਹਲਕਾ ਜੰਡਿਆਲਾ ਤੋਂ ਕਾਂਗਰਸ ਪਾਰਟੀ ਦੇ ਸਾਬਕਾ ਵਿਧਾਇਕ ਸ੍ਰ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਵੱਲੋਂ ਆਪਣੀ ਪੂਰੀ ਟੀਮ ਨਾਲ ਧੰਨ ਧੰਨ ਪੀਰ ਬਾਬਾ ਘੋੜੇ ਸ਼ਾਹ ਜੀ ਦੀ ਦਰਗਾਹ ਤੇ ਚਾਂਦਰ ਚੜਾਉਣ ਦੀ ਰਸਮ ਅਦਾ ਕੀਤੀ ਅਤੇ ਨਤਮਸਤਕ ਹੋਏ ਇਸ ਮੌਕੇ ਤੇ ਬਾਬਾ ਘੋੜੇ ਸ਼ਾਹ ਜੀ ਦੇ ਮੁੱਖ ਸੰਚਾਲਕ ਬਾਬਾ ਹਰਪਾਲ ਸਿੰਘ ਪਾਲਾ ਜੀ ਵੱਲੋਂ ਹਲਕਾ ਜੰਡਿਆਲਾ ਗੁਰੂ ਦੇ ਸਾਬਕਾ ਵਿਧਾਇਕ ਸ੍ਰ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਅਤੇ ਉਹਨਾਂ ਦੇ ਸਾਥੀਆਂ ਨੂੰ ਸਨਮਾਨਿਤ ਕੀਤਾ ਗਿਆ ਇਸ ਮੌਕੇ ਤੇ ਸਾਬਕਾ ਵਿਧਾਇਕ ਸ੍ਰ ਸੁਖਵਿੰਦਰ ਸਿੰਘ ਡੈਨੀ ਬੰਡਾਲਾ, ਸ਼ਹਿਰ ਪ੍ਰਧਾਨ ਭੁਪਿੰਦਰ ਸਿੰਘ ਹੈਪੀ, ਕੌਂਸਲਰ ਜਤਿੰਦਰ ਸਿੰਘ ਨਾਟੀ, ਚਰਨਜੀਤ ਸਿੰਘ ਟੀਟੋ ਨਿਰਮਲ ਸਿੰਘ ਨਿੰਮਾ, ਚਾਚਾ ਦਰਸ਼ਨ ਸਿੰਘ, ਸ੍ਰ ਪ੍ਰਤਾਪ ਸਿੰਘ ਪੱਪੀ, ਇੰਦਰਜੀਤ ਸਿੰਘ, ਗੋਲਡੀ ਪ੍ਰਧਾਨ, ਮਨਜੀਤ ਸਿੰਘ ਪੱਪੀ ਮਲਹੋਤਰਾ, ਐਡਵੋਕੇਟ ਅਮ੍ਰਿਤ ਅਰੋੜਾ, ਐਡਵੋਕੇਟ ਅਮਨਦੀਪ ਸਿੰਘ ਮਲਹੋਤਰਾ, ਪ੍ਰਧਾਨ ਬਲਵਿੰਦਰ ਸਿੰਘ, ਸੁਰਿੰਦਰ ਸੇਠ, ਪਿੰਟੂ ਮਲਹੋਤਰਾ ਅਤੇ ਹੋਰ ਵੀ ਆਦਿ ਵੱਲੋਂ ਹਾਜ਼ਰੀ ਲਗਵਾਈ ਗਈ।

ਆਵਾਜ਼ਿ ਕੌਮ AWAZE QAUM International Newspaper & WEB TV

### ਵਧੀਕ ਮੁੱਖ ਚੋਣ ਅ.ਫਸਰ, ਪੰਜਾਬ, ਸਕੱਤਰ ਸਿੰਘ ਬੱਲ ਵੱਲੋਂ

# ਵੋਟਿੰਗ ਮਸ਼ੀਨਾਂ ਦੇ ਵੇਅਰਹਾਊਸ ਦਾ ਨਿਰੀਖਣ



**ਸ੍ਰੀ ਹਰਗੋਬਿੰਦਪੁਰ ਸਾਹਿਬ ਜੀ 25 ਜੁਲਾਈ (ਕੁਲਜੀਤ ਸਿੰਘ ਖੋਖਰ)**-ਮਾਣਯੋਗ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਵਧੀਕ ਮੁੱਖ ਚੋਣ ਅਫ਼ਸਰ, ਪੰਜਾਬ, ਸ੍ਰੀ ਸਕੱਤਰ ਸਿੰਘ ਬੱਲ ਵੱਲੋਂ ਅੱਜ ਗੁਰਦਾਸਪੁਰ ਵਿਖੇ ਵੋਟਿੰਗ ਮਸ਼ੀਨਾਂ ਦੇ ਵੇਅਰ ਹਾਊਸ ਦਾ ਨਿਰੀਖਣ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਵਧੀਕ ਜ਼ਿਲ੍ਹਾ ਚੋਣ ਅਧਿਕਾਰੀ-ਕਮ-ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀ ਸੁਭਾਸ਼ ਚੰਦਰ, ਚੋਣ ਤਹਿਸੀਲਦਾਰ ਸ. ਮਨਜਿੰਦਰ ਸਿੰਘ ਬਾਜਵਾ ਤੋਂ ਇਲਾਵਾ ਹੋਰ ਅਧਿਕਾਰੀ ਅਤੇ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦੇ ਵੀ ਹਾਜ਼ਰ ਸਨ। ਵੋਟਿੰਗ ਮਸ਼ੀਨਾਂ ਦੇ ਵੇਅਰ ਹਾਊਸ ਦੇ ਨਿਰੀਖਣ ਦੌਰਾਨ ਵਧੀਕ ਮੁੱਖ ਚੋਣ ਅਫ਼ਸਰ, ਪੰਜਾਬ, ਸ੍ਰੀ ਸਕੱਤਰ ਸਿੰਘ ਬੱਲ ਨੇ ਵੇਅਰ ਹਾਊਸ ਦੀ ਲਾਗ ਬੁੱਕ ਚੈੱਕ ਕਰਨ ਦੇ ਨਾਲ ਸਟਾਕ ਰਜਿਸਟਰ ਦੀ ਜਾਂਚ ਕੀਤੀ। ਇਸ ਮੌਕੇ ਉਨ੍ਹਾਂ ਵੇਅਰਹਾਊਸ ਵਿੱਚ ਲਗਾਏ ਅੱਗ ਬੁਝਾਊ ਯੰਤਰਾਂ ਅਤੇ ਹੋਰ ਪ੍ਰਬੰਧਾਂ ਦੀ ਜਾਂਚ ਵੀ ਕੀਤੀ। ਉਨ੍ਹਾਂ ਕਿਹਾ ਕਿ ਵੇਅਰ ਹਾਊਸ ਵਿੱਚ ਵੋਟਿੰਗ ਮਸ਼ੀਨਾਂ ਦੇ ਰੱਖ-ਰਖਾਵ ਵਿੱਚ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ। ਇਸ ਮੌਕੇ ਉਨ੍ਹਾਂ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਵੀ ਗੱਲਬਾਤ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV

# ਪਿੰਡ ਸ਼ਹਿਰ ਅਤੇ ਕਸਬੇ ਵਿੱਚ ਬਿਹਤਰ ਢੰਗ ਨਾਲ ਕੰਮ ਕਰਕੇ ਮੁੱਖ ਮੰਤਰੀ ਦੇ ਸੁਪਨੇ ਨੂੰ ਪੂਰਾ ਕੀਤਾ ਜਾਵੇ : ਕੈਬਨਿਟ ਮੰਤਰੀ

## ਬਿਜਲੀ ਮੰਤਰੀ ਨੇ ਅਮਨ ਕਾਨੂੰਨ ਦੀ ਸਥਿਤੀ ਨੂੰ ਲੈ ਕੇ ਪੁਲਿਸ ਅਧਿਕਾਰੀਆਂ ਨਾਲ ਕੀਤੀ ਚਰਚਾ



ਜੰਡਿਆਲਾ ਗੁਰੂ , 25 ਜੁਲਾਈ ( ਕੁਲਵੰਤ ਸਿੰਘ ਵਿਰਦੀ) ਕੈਬਨਿਟ ਮੰਤਰੀ ਸ ਹਰਭਜਨ ਸਿੰਘ ਈ ਟੀ ਓ ਨੇ ਜੰਡਿਆਲਾ ਗੁਰੂ ਹਲਕੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਅੱਜ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ , ਜਿਸ ਵਿੱਚ ਨਗਰ ਕੌਂਸਲ ਜੰਡਿਆਲਾ ਦੇ ਕੌਂਸਲਰ ਅਤੇ ਪ੍ਰਧਾਨ ਵੀ ਸ਼ਾਮਿਲ ਹੋਏ। ਉਹਨਾਂ ਜੰਡਿਆਲਾ ਗੁਰੂ ਕਸਬੇ ਵਿੱਚ ਨਗਰ ਕੌਂਸਲ ਜੰਡਿਆਲਾ ਵੱਲੋਂ ਕਰਵਾਏ ਜਾ ਰਹੇ ਕੰਮਾਂ ਦੇ ਵੇਰਵੇ ਲੈਂਦੇ ਕਿਹਾ ਕਿ ਬਰਸਾਤ ਦੇ ਸੀਜਨ ਦੌਰਾਨ ਜਿਨਾਂ ਸਥਾਨਾਂ ਉੱਤੇ ਪਾਣੀ ਖੜਨ ਦੀ ਸਮੱਸਿਆ ਆ ਰਹੀ ਹੈ, ਉਸ ਦੀ ਨਿਸ਼ਾਨਦੇਹੀ ਕਰਕੇ ਪੱਕਾ ਹੱਲ ਕੱਢਿਆ ਜਾਵੇ। ਉਹਨਾਂ ਜੰਡਿਆਲਾ ਗੁਰੂ ਕਸਬੇ ਵਿੱਚ ਸੀਵਰੇਜ ਅਤੇ ਸਾਫ ਸਫਾਈ ਦੇ ਕੰਮਾਂ ਦੀ ਵੀ ਬਰੀਕੀ ਨਾਲ ਸਮੀਖਿਆ ਕੀਤੀ। ਇਸ ਤੋਂ ਇਲਾਵਾ ਪਿੰਡਾਂ ਵਿੱਚ ਚੱਲ ਰਹੇ ਕੰਮਾਂ ਬਾਰੇ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਦੇ ਉਹਨਾਂ ਨੇ ਸਪਸ਼ਟ ਕੀਤਾ ਕਿ ਪਿੰਡਾਂ ਵਿੱਚ ਕਰਵਾਏ ਜਾ ਰਹੇ ਕੰਮਾਂ ਦੌਰਾਨ ਕਿਸੇ ਧੜੇ ਜਾਂ ਪਾਰਟੀ ਨੂੰ ਅਣਗੌਲਿਆ ਨਾ ਕੀਤਾ ਜਾਵੇ ਬਲਕਿ ਪਿੰਡਾਂ ਦੀ ਲੋੜ ਅਨੁਸਾਰ ਹਰ ਕੰਮ ਯੋਜਨਾਬੱਧ ਢੰਗ ਨਾਲ ਕੀਤਾ ਜਾਵੇ । ਉਹਨਾਂ ਕਿਹਾ ਕਿ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦਾ ਸੁਪਨਾ ਰੰਗਲੇ ਪੰਜਾਬ ਦੀ ਸਥਾਪਤੀ ਹੈ ਅਤੇ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਦੀ ਜਿੰਮੇਵਾਰੀ ਹੋਣ ਕਾਰਨ ਮੇਰਾ ਫਰਜ ਹੈ ਕਿ ਮੈਂ ਆਪਣੇ ਹਲਕੇ ਦੇ ਹਰੇਕ ਪਿੰਡ ਸ਼ਹਿਰ ਅਤੇ ਕਸਬੇ ਵਿੱਚ ਬਿਹਤਰ ਢੰਗ ਨਾਲ ਕੰਮ ਕਰਕੇ ਮੁੱਖ ਮੰਤਰੀ ਦੇ ਸੁਪਨੇ ਨੂੰ ਪੂਰਾ ਕਰਨ ਵਿੱਚ ਆਪਣਾ ਫਰਜ਼ ਨਿਭਾਵਾਂ। ਉਨਾਂ ਇਸ ਮੌਕੇ ਅਮਨ ਕਾਨੂੰਨ ਦੀ ਸਥਿਤੀ ਅਤੇ ਨਸ਼ਿਆਂ ਦੀ ਬਰਾਮਦਗੀ ਨੂੰ ਲੈ ਕੇ ਪੁਲਿਸ ਅਧਿਕਾਰੀਆਂ ਨਾਲ ਗੱਲਬਾਤ ਕੀਤੀ। ਉਹਨਾਂ ਕਿਹਾ ਕਿ ਨਸ਼ੇ ਦੀ ਸਮਗਲਿੰਗ ਭਾਵੇਂ ਅੰਤਰਰਾਸ਼ਟਰੀ ਸਰਹੱਦ ਤੋਂ ਹੋ ਰਹੀ ਹੈ ਪਰ ਇਸ ਦੀ ਖਪਤ ਨੂੰ ਰੋਕਣਾ ਸਾਡਾ ਫਰਜ਼ ਹੈ। ਉਹਨਾਂ ਕਿਹਾ ਕਿ ਨਸ਼ੇ ਦੇ ਸਮਗਲਰਾਂ ਨਾਲ ਕੋਈ ਤਰਸ ਨਾ ਕੀਤਾ ਜਾਵੇ ਬਲਕਿ ਕਠੋਰਤਾ ਨਾਲ ਪੇਸ਼ ਆਇਆ ਜਾਵੇ। ਉਨਾਂ ਹਦਾਇਤ ਕੀਤੀ ਕਿ ਅਜਿਹੇ ਸਰਗਣਿਆਂ ਨੂੰ ਕੁਚਲਿਆ ਜਾਵੇ, ਜੋ ਸਮਾਜ ਵਿੱਚ ਨਸ਼ੇ ਵੇਚ ਕੇ ਨੌਜਵਾਨਾਂ ਨੂੰ ਬਰਬਾਦੀ ਵੱਲ ਧੱਕ ਰਹੇ ਹਨ। ਉਹਨਾਂ ਕਿਹਾ ਕਿ ਇਹ ਕਾਰਵਾਈ ਕੇਵਲ ਸਮਗਲਰ ਦੇ ਜੇਲ ਜਾਣ ਤੱਕ ਸੀਮਤ ਨਾ ਰਹੇ ਬਲਕਿ ਉਸ ਦੀ ਬਣਾਈ ਹੋਈ ਜਾਇਦਾਦ ਨੂੰ ਵੀ ਜਬਤ ਕੀਤਾ ਜਾਵੇ । ਇਸ ਮੌਕੇ ਤਹਿਸੀਲਦਾਰ ਇਕਵਿੰਦਰ ਕੌਰ , ਡੀਐਸਪੀ ਜੰਡਿਆਲਾ ਗੁਰੂ ਅਤੇ ਹਲਕੇ ਵਿੱਚ ਪੈਂਦੇ ਥਾਣਿਆਂ ਦੇ ਮੁਖੀ, ਸਰਬਜੀਤ ਸਿੰਘ ਡਿੰਪੀ, ਸੁਨੈਨਾ ਰੰਧਾਵਾ ਅਤੇ ਸਤਿੰਦਰ ਸਿੰਘ ਵੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਕੇਂਦਰ ਸਰਕਾਰ ਵੱਲੋਂ ਪੇਸ਼ ਬਜਟ ਹਰ ਵਰਗ ਲਈ ਹਿਤੈਸ਼ੀ : ਦਿਓਲ



ਧੂਰੀ ( ਰਣਜੀਤ ਸਿੰਘ ਪੇਧਨੀ ) ਭਾਰਤੀ ਜਨਤਾ ਪਾਰਟੀ ਧੂਰੀ ਦੇ ਹਲਕਾ ਇੰਚਾਰਜ ਰਣਦੀਪ ਸਿੰਘ ਦਿਓਲ ਨੇ ਦੇਸ਼ ਦੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਸੰਸਦ ਵਿਚ ਮੌਜੂਦਾ ਸਾਲ ਲਈ ਪੇਸ਼ ਕੀਤੇ ਬਜਟ ਦੀ ਜਿੱਥੇ ਸ਼ਲਾਘਾ ਕੀਤੀ ਉੱਥੇ ਹੀ ਬਜਟ ਨੂੰ ਹਰ ਵਰਗ ਲਈ ਹਿਤੇਸ਼ੀ ਦੱਸਿਆ। ਉਨਾ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਦੇਸ਼ ਵਾਸੀਆਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਦਿਨ ਰਾਤ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਅਜਿਹੀਆਂ ਯੋਜਨਾਵਾਂ ਬਣਾਈਆਂ ਹਨ ਜਿਸ ਨਾਲ ਦੇਸ਼ ਵਿੱਚ ਰੋਜ਼ਗਾਰ ਵਧੇਗਾ ਅਤੇ ਤਰੱਕੀ ਦੇ ਨਵੇਂ ਰਸਤੇ ਖੁੱਲਣਗੇ ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੰਦੀ ਵੱਲੋਂ 1.52 ਲੱਖ ਕਰੋੜ ਰੁਪਏ ਖੇਤੀਬਾੜੀ ਅਤੇ ਸੰਬੰਧਿਤ ਖੇਤਰਾਂ ਲਈ ਰੱਖੇ ਗਏ ਹਨ ਜਿਸ ਤੋ ਉਨ੍ਹਾਂ ਦੀ ਕਿਸਾਨ ਹਿਤੈਸ਼ੀ ਹੋਣ ਦੀ ਸੋਚ ਸਾਹਮਣੇ ਆਈ ਹੈ। ਉਨ੍ਹਾਂ ਨੇ ਕਿਹਾ ਸਰਕਾਰ ਮਹਿੰਗਾਈ ਨੂੰ ਕਾਬੂ ਕਰਨ ਲਈ ਕਈ ਜਰੂਰੀ ਕਦਮ ਚੁੱਕ ਰਹੀ ਹੈ। ਉਨਾਂ ਕਿਹਾ ਕਿ ਸਰਕਾਰ ਵੱਲੋਂ ਨਵੀਆਂ ਯੋਜਨਾਵਾਂ ਦੇ ਪੈਕੇਜ ਐਲਾਨੇ ਹਨ ਜਿਸ ਨਾਲ ਦੇਸ਼ ਵਿੱਚ ਰੋਜ਼ਗਾਰ ਵਧੇਗਾ। ਉਨਾਂ ਕਿਹਾ ਕਿ ਮੌਜੂਦਾ ਬਜਟ ਵਿੱਚ ਮੁਦਰਾ ਲੋਨ ਦੀ ਸੀਮਾ ਨੂੰ ਵਧਾ ਕੇ 10 ਲੱਖ ਤੋਂ 20 ਲੱਖ ਕਰ ਦਿੱਤੀ ਗਈ ਹੈ। ਉਨ੍ਹਾਂ ਨੇ ਕਿਹਾ ਕਿ ਮੌਜੂਦਾ ਸਾਲ 2024-25 ਬਜਟ ਨਾਲ ਦੇਸ਼ ਦੀ ਤਰੱਕੀ ਦੇ ਨਵੇਂ ਰਾਹ ਖੋਲੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

# ਗੁਰਦੁਆਰਾ ਕਲਗੀਧਰ ਸਾਹਿਬ ਮੁਹੱਲਾ ਬਾਵਿਆਂ ਫ਼ਿਰੋਜ਼ਪੁਰ ਸ਼ਹਿਰ ਵਿਖੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਮਹਾਨ ਪ੍ਰਕਾਸ਼ ਗੁਰਪੁਰਬ 28 ਜੁਲਾਈ ਨੂੰ ਮਨਾਇਆ ਜਾਵੇਗਾ

ਫ਼ਿਰੋਜ਼ਪੁਰ, 25 ਜੁਲਾਈ (ਮਨੋਹਰ ਲਾਲ) :— ਗੁਰਦੁਆਰਾ ਕਲਗੀਧਰ ਸਾਹਿਬ ਮੁਹੱਲਾ ਬਾਵਿਆਂ ਫ਼ਿਰੋਜ਼ਪੁਰ ਸ਼ਹਿਰ ਵਿਖੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਮਹਾਨ ਪ੍ਰਕਾਸ਼ ਗੁਰਪੁਰਬ 28 ਜੁਲਾਈ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਇਹ ਜਾਣਕਾਰੀ ਸਵਰਨ ਸਿੰਘ ਨੇ ਸਾਂਝੀ ਕਰਦਿਆਂ ਦੱਸਿਆ ਕਿ ਇਸ ਮੌਕੇ ਤੇ 28 ਜੁਲਾਈ ਦਿਨ ਐਤਵਾਰ 2024 ਰਾਤ ਪਾਠ ਸ੍ਰੀ ਰਹਿਰਾਸ ਸਾਹਿਬ 7 ਵਜੇ ਰਾਤ, ਕੀਰਤਨ ਭਾਈ ਜ਼ਸਪ੍ਰੀਤ ਸਿੰਘ ਫ਼ਿਰੋਜ਼ਪੁਰ ਵਾਲੇ 7:30 ਵਜੇ, ਕੀਰਤਨ ਭਾਈ ਗੁਰਚਰਨ ਸਿੰਘ ਰਸੀਆ ਲੁਧਿਆਣਾ ਵਾਲੇ, 9:30 ਵਜੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ ਉਪਰੰਤ ਅਰਦਾਸ ਅਤੇ ਮੁੱਖ ਵਾਕ ਲਿਆ ਜਾਵੇਗਾ। ਇਸ ਧਾਰਮਿਕ ਸਮਾਗਮ ਦੌਰਾਨ ਗਿਆਨੀ ਮਨਦੀਪ ਸਿੰਘ ਜੀ ਮੁਰੀਦ ਸੰਗਰੂਰ ਵਾਲੇ ਵਿਸ਼ੇਸ਼ ਤੌਰ ਤੇ ਪੁੱਜ ਕੇ ਸੰਗਤਾਂ ਨੂੰ ਗੁਰਬਾਣੀ ਨਾਲ ਜ਼ੋੜਣਗੇ। ਇਸ ਮੌਕੇ ਤੇ ਸ੍ਰੀ ਆਖੰਡ ਪਾਠ ਸਾਹਿਬ ਜੀ ਦੀ ਸੇਵਾ ਸਵਰਗਵਾਸੀ ਗਿਆਨੀ ਕਰਤਾਰ ਸਿੰਘ ਬੇਦੀ, ਪਰਮਜੀਤ ਸਿੰਘ ਬੇਦੀ ਅਤੇ ਸਵਰਗਵਾਸੀ ਗੁਰਮੇਲ ਸਿੰਘ, ਬਲਜਿੰਦਰ ਸਿੰਘ ਕੋਆਪਰੇਟਿਵ ਬੈਂਕ ਵਾਲਿਆਂ ਵੱਲੋਂ ਹੋਵੇਗੀ। ਇਸ ਮੌਕੇ ਤੇ ਸਵਰਨ ਸਿੰਘ ਨੇ ਸਮੂਹ ਮੁਹੱਲਾ ਨਿਵਾਸੀਆਂ, ਫ਼ਿਰੋਜ਼ਪੁਰ ਸ਼ਹਿਰ ਨੂੰ ਅਪੀਲ ਕੀਤੀ ਕਿ ਉਹ ਭਾਰੀ ਗਿਣਤੀ ਵਿਚ ਪਹੁੰਚ ਕੇ ਆਏ ਹੋਏ ਮਹਾਂਪੁਰਸ਼ਾਂ ਦੇ ਵਿਚਾਰ ਸੁਣ ਕੇ ਆਪਣਾ ਜੀਵਨ ਸਫਲ ਬਣਾਉ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਜਾਵੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

### ਸਾਬਕਾ ਫੌਜੀਆਂ ਨੇ ਕਾਰਗਿਲ ਵਿਜੈ ਦਿਵਸ ਦੀ ਸਿਲਵਰ ਜੁਬਲੀ ਮਨਾਈ

# ਵੀਰ ਨਾਰੀਆਂ ਨੂੰ ਕੀਤਾ ਸਨਮਾਨਿਤ - ਇੰਜ. ਸਿੱਧੂ



**ਬਰਨਾਲਾ ( ਰਣਜੀਤ ਸਿੰਘ ਪੇਧਨੀ )**-ਸਥਾਨਕ ਗੁਰੂ ਘਰ ਬੀਬੀ ਪ੍ਰਧਾਨ ਕੌਰ ਵਿੱਖੇ ਕਾਰਗਿਲ ਵਿਜੈ ਦਿਵਸ ਦੀ 25ਵੀ ਬਰਸੀ ਮੰਨਾਈ ਇੰਜ ਗੁਰਜਿੰਦਰ ਸਿੰਘ ਸਿੱਧੂ ਦੀ ਅਗਵਾਈ ਹੇਠ ਕਰਵਾਇਆ ਗਈ ਜਿਸ ਵਿੱਚ 20 ਦੇ ਕਰੀਬ ਜੰਗੀ ਵਿਧਵਾਵਾਂ ਨੂੰ ਸਨਮਾਨਿਤ ਕੀਤਾ ਗਿਆ ਪ੍ਰਸਾਸਨ ਵੱਲੋ ਐਸ ਡੀ ਐਮ ਬਰਨਾਲਾ ਸ੍ਰ ਸਤਵੰਤ ਸਿੰਘ ਮੁੱਖ ਮਹਿਮਾਨ ਦੇ ਤੌਰ ਤੇ ਸ਼ਾਮਿਲ ਹੋਏ ਇਹ ਜਾਣਕਾਰੀ ਸੂਬੇਦਾਰ ਮੇਜਰ ਰਾਜ ਸਿੰਘ ਅਤੇ ਸੂਬੇਦਾਰ ਕਮਲ ਸ਼ਰਮਾ ਨੇ ਸਾਂਝੇ ਤੌਰ ਤੇ ਬਿਆਨ ਜਾਰੀ ਕਰਦਿਆ ਦਸਿਆ ਕਿ ਕੇ ਐਸ ਡੀ ਐਮ ਬਰਨਾਲਾ ਨੇ ਹਾਜ਼ਰੀਨ ਨੂੰ ਸਬੋਧਨ ਕਰਦਿਆ ਕਿਹਾ ਕਿ ਸਮੁੱਚਾ ਪ੍ਰਸਾਸਨ ਸਾਬਕਾ ਅਤੇ ਮੌਜੂਦਾ ਫੌਜੀਆ ਨੂੰ ਜਿਲ੍ਹੇ ਅੰਦਰ ਕੋਈ ਭੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ ਉਹਨਾਂ ਕਾਰਗਿਲ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਉਹਨਾਂ ਨੂੰ ਪ੍ਰਸਾਸਨ ਵੱਲੋ ਭਾਓ ਭਿੰਨ ਸਰਧਾਂਜਲੀ ਅਰਪਨ ਕੀਤੀ ਕਰਨਲ ਜੈਵੰਸ ਸਿੰਘ ਪਟਿਆਲਾ ਨੇ ਕਾਰਗਿਲ ਦੀ ਲੜਾਈ ਤੇ ਵਿਸਥਾਰ ਨਾਲ ਚਾਨਣਾ ਪਾਇਆ ਉਹਨਾਂ ਦੱਸਿਆ ਕੇ ਇਸ ਲੜਾਈ ਵਿੱਚ 527 ਫੌਜੀ ਵੀਰਾ ਨੇ ਸ਼ਹਾਦਤ ਦਾ ਜਾਮ ਪੀਤਾ ਅਤੇ 1363 ਫੌਜੀ ਵੀਰ ਜਖਮੀ ਹੋਏ ਆਖਰ 26 ਜੁਲਾਈ ਨੂੰ ਭਾਰਤ ਦਾ ਝੰਡਾ ਲਹਿਰਾ ਕੇ ਜਿੱਤ ਦਾ ਡੰਕਾ ਵਜਾਇਆ ਇਸ ਸਮਾਗਮ ਨੂੰ ਸਿੱਧੂ ਤੋ ਇਲਾਵਾ ਸੂਬੇਦਾਰ ਮੇਜਰ ਜਰਨੈਲ ਸਿੰਘ ਸਹਿਜੜਾ ਜੱਥੇਦਾਰ ਗੁਰਤੇਜ ਸਿੰਘ ਦਾਣਗੜ੍ਹ ਬਲਵਿੰਦਰ ਸਿੰਘ ਢੀਂਡਸਾ ਨੇ ਭੀ ਸਬੋਧਨ ਕੀਤਾਂ ਇਸ ਮੌਕੇ ਗੁਰਮਤਿ ਸਿੰਘ ਹੰਡਿਆਇਆ ਭਾਜਪਾ ਦੇ ਸਾਬਕਾ ਜਿਲਾ ਪ੍ਰਧਾਨ ਕੁਲਦੀਪ ਸਿੰਘ ਕਾਲਾ ਢਿੱਲੋਂ ਜਿਲ੍ਹਾ ਪ੍ਰਧਾਨ ਕਾਗਰਸ ਸੁਰਜੀਤ ਸਿੰਘ ਠੀਕਰੀਵਾਲ ਮੈਨੇਜਰ ਗੁਰੂਦਵਾਰਾ ਬਾਬਾ ਗਾਂਧਾ ਸਿੰਘ ਮੈਬਰ ਐਸ ਜੀ ਪੀ ਸੀ ਜੱਥੇਦਾਰ ਪਰਮਜੀਤ ਸਿੰਘ ਖਾਲਸਾ ਸਰਪੰਚ ਗੁਰਦਰਸ਼ਨ ਸਿੰਘ ਐਮ ਸੀ ਕੇਵਲ ਸਿੰਘ ਵੀਨਸ ਸਿੰਘ ਸਭਾ ਗੁਰੂ ਘਰ ਦੇ ਪ੍ਰਧਾਨ ਹਰਦੇਵ ਸਿੰਘ ਲੀਲਾ ਰਾਜਿੰਦਰ ਸਿੰਘ ਦਰਾਕਾ ਸੂਬੇਦਾਰ ਸੌਦਾਗਰ ਸਿੰਘ ਹਮੀਦੀ ਸੂਬੇਦਾਰ ਗੁਰਜੰਟ ਸਿੰਘ ਸੂਬੇਦਾਰ ਧੰਨਾ ਸਿੰਘ ਧੌਲਾ ਸੂਬੇਦਾਰ ਅਵਤਾਰ ਸਿੰਘ ਕੱਟੂ ਜਗਸੀਰ ਸਿੰਘ ਕੁਰੜ ਨਰਿੰਦਰ ਸਿੰਘ ਬਲਵੀਰ ਸਿੰਘ ਰਾਣੀ ਕੌਰ ਸੂਬੇਦਾਰ ਭੁੱਚਰ ਸਿੰਘ ਵਾਰੰਟ ਅਫ਼ਸਰ ਸਮਸ਼ੇਰ ਸਿੰਘ ਵਾਰੰਟ ਅਫ਼ਸਰ ਮਹਿੰਦਰ ਸਿੰਘ ਮੌਜੀ ਵਾਰੰਟ ਅਫ਼ਸਰ ਜਗਦੀਪ ਸਿੰਘ ਉਗੋ ਸੂਬੇਦਾਰ ਚਮਕੌਰ ਸਿੰਘ ਮਲੀਆ ਜੱਥੇਦਾਰ ਗੁਰਮੀਤ ਸਿੰਘ ਧੌਲਾ ਜੱਥੇਦਾਰ ਜਸਵਿੰਦਰ ਸਿੰਘ ਸਿੱਧੂ ਵਾਰੰਟ ਅਫ਼ਸਰ ਅਵਤਾਰ ਸਿੰਘ ਭੁਰੇ ਫਲਾਈਟ ਲੈਫ ਗੁਰਦੇਵ ਸਿੰਘ ਲੈਫ ਭੋਲਾ ਸਿੰਘ ਸਿੱਧੂ ਵਾਰੰਟ ਅਫ਼ਸਰ ਜਸਵਿੰਦਰ ਸਿੰਘ ਸੰਧੂ ਹੌਲਦਾਰ ਬਸੰਤ ਸਿੰਘ ਉਗੋ ਹੌਲਦਾਰ ਰੂਪ ਸਿੰਘ ਮਹਿਤਾ ਹੌਲਦਾਰ ਬਲਦੇਵ ਸਿੰਘ ਹਮੀਦੀ ਜੱਥੇਦਾਰ ਜਰਨੈਲ ਸਿੰਘ ਭੋਤਨਾ ਗੁਰਜੰਟ ਸਿੰਘ ਸੋਨਾ ਕੁਲਵਿੰਦਰ ਸਿੰਘ ਕਾਲਾ ਪ੍ਰਜੀਤ ਸਿੰਘ ਯਸ਼ਪਾਲ ਸਿੰਘ ਨਿਹਾਲੂਵਾਲ ਸੂਬੇਦਾਰ ਸਰਬਜੀਤ ਸਿੰਘ ਗੁਰਦੇਵ ਸਿੰਘ ਮੱਕੜ ਹੌਲਦਾਰ ਰਾਜ ਸਿੰਘ ਹੌਲਦਾਰ ਸੁਰਜੀਤ ਸਿੰਘ ਟਿੱਬਾ ਹੌਲਦਾਰ ਨਿਰਭੈ ਸਿੰਘ ਹੌਲਦਾਰ ਰੁਪਿੰਦਰ ਸਿੰਘ ਪੰਡਿਤ ਜਗਦੀਸ ਕੁਮਾਰ ਬੀਬੀ ਸ਼ਿਮਲਾ ਦੇਵੀ ਅਤੇ ਸੈਕੜੇ ਸਾਬਕਾ ਸੈਨਿਕ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਪਿੰਡ ਤਕੀਪੁਰ ਵਿੱਚ 'ਆਪ ਦੀ ਸਰਕਾਰ, ਆਪ ਦੇ ਦੁਆਰ' ਮੁਹਿੰਮ ਤਹਿਤ ਲਗਾਏ ਕੈਂਪ ਵਿਚ

# ਵਧੀਕ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਸੁਣੇ ਲੋਕ ਮਸਲੇ



**ਤਕੀਪੁਰ/ਸੰਗਰੂਰ ( ਰਣਜੀਤ ਸਿੰਘ ਪੇਧਨੀ )**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪਿੰਡ ਪੱਧਰ ਉੱਤੇ ਆਪ ਦੀ ਸਰਕਾਰ ਆਪ ਦੇ ਦੁਆਰ ਮੁਹਿੰਮ ਤਹਿਤ ਕੈਂਪ ਲਾ ਕੇ ਲੋਕਾਂ ਦੀਆਂ ਮੁਸ਼ਕਲਾਂ ਦੇ ਨਿਪਟਾਰੇ ਅਤੇ ਮੌਕੇ ਉੱਤੇ ਹੀ ਵੱਖੋ-ਵੱਖ ਲੋਕ ਭਲਾਈ ਸਕੀਮਾਂ ਦਾ ਲਾਭ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਇਸੇ ਮੁਹਿੰਮ ਤਹਿਤ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਦੀ ਯੋਗ ਅਗਵਾਈ ਵਿੱਚ ਸੁਨਾਮ ਹਲਕੇ ਦੇ ਪਿੰਡ ਤਕੀਪੁਰ ਵਿਖੇ ਲਾਏ ਕੈਂਪ ਵਿੱਚ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵਰਜੀਤ ਵਾਲੀਆ ਨੇ ਲੋਕ ਮਸਲੇ ਸੁਣੇ ਅਤੇ ਇਨ੍ਹਾਂ ਮਸਲਿਆਂ ਵਿੱਚੋਂ ਕੁਝ ਮੌਕੇ 'ਤੇ ਹੀ ਹੱਲ ਕੀਤੇ ਗਏ। ਇਸ ਮੌਕੇ ਏ.ਡੀ.ਸੀ ਵਰਜੀਤ ਵਾਲੀਆ ਅਤੇ ਐਸ.ਡੀ.ਐਮ. ਚਰਨਜੋਤ ਸਿੰਘ ਵਾਲੀਆ ਨੇ ਪਿੰਡ ਵਿੱਚ ਜਲ ਸਪਲਾਈ ਸਕੀਮ ਲਈ ਕੀਤੇ ਜਾ ਰਹੇ ਬੋਰ ਦੇ ਕੰਮ ਦਾ ਨਿਰੀਖਣ ਕਰਨ ਦੇ ਨਾਲ-ਨਾਲ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਵਿਦਿਆਰਥੀਆਂ ਨੂੰ ਦਿੱਤੇ ਜਾ ਰਹੇ ਮਿਡ ਡੇ ਮੀਲ ਦੀ ਗੁਣਵੱਤਾ ਵੀ ਜਾਂਚੀ। ਵਧੀਕ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਕਿਹਾ ਕਿ ਪ੍ਰਸ਼ਾਸਨ ਵੱਲੋਂ ਪਿੰਡਾਂ ਦੀਆਂ ਬਰੂਹਾਂ ਉੱਤੇ ਹੀ ਲੰਬਿਤ ਪਏ ਮਾਮਲਿਆਂ ਦੇ ਹੱਲ ਕਰਨ ਲਈ ਇਹ ਕੈਂਪ ਪੂਰੇ ਜ਼ਿਲ੍ਹੇ ਵਿੱਚ ਲਾਏ ਜਾ ਰਹੇ ਹਨ। ਇਨ੍ਹਾਂ ਕੈਂਪਾਂ ਵਿਚ ਪਿੰਡਾਂ ਦੇ ਵਿਕਾਸ ਨਾਲ ਜੁੜੇ ਕਾਰਜ ਅਤੇ ਹਰ ਪੱਧਰ ਦੇ ਮਸਲੇ ਹੱਲ ਕੀਤੇ ਜਾਂਦੇ ਹਨ ਜਿਸ ਨਾਲ ਆਮ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਹੀ ਰਾਹਤ ਮਿਲ ਰਹੀ ਹੈ। ਵਧੀਕ ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਇਨ੍ਹਾਂ ਕੈਂਪਾਂ ਵਿੱਚ ਵੱਖ-ਵੱਖ ਵਿਭਾਗਾਂ ਦੇ ਇਕ ਥਾਂ ਮੌਜੂਦ ਹੋਣ ਨਾਲ ਪਿੰਡਾਂ ਵਿਚ ਜ਼ਮੀਨੀ ਪੱਧਰ ਉਤੇ ਲੋਕਾਂ ਦੀ ਸਮੱਸਿਆਵਾਂ ਦਾ ਪਤਾ ਲਗਦਾ ਹੈ ਅਤੇ ਇਸ ਨਾਲ ਇਨ੍ਹਾਂ ਦਾ ਹੱਲ ਵੀ ਯਕੀਨੀ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਸੰਗਰੂਰ ਵਿੱਚ ਅਜਿਹੇ ਕੈਂਪ ਲਗਾਤਰ ਲਗਦੇ ਰਹਿਣਗੇ, ਜਿਨ੍ਹਾਂ ਸਦਕਾ ਲੋਕਾਂ ਦੇ ਕੰਮ ਨਿਸ਼ਿਚਤ ਸਮੇਂ ਅੰਦਰ ਹੋ ਜਾਇਆ ਕਰਨਗੇ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਇਨ੍ਹਾਂ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ। ਇਸ ਕੈਂਪ ਵਿਚ ਪੈਨਸ਼ਨ, ਜਲ ਸਪਲਾਈ, ਟੋਭਿਆਂ ਦੀ ਸਫਾਈ, ਬਰਸਾਤੀ ਪਾਣੀ ਦੀ ਨਿਕਾਸੀ ਦੀ ਸਮੱਸਿਆ, ਮਾਲ ਵਿਭਾਗ, ਬਿਜਲੀ ਵਿਭਾਗ, ਕਿਰਤ ਵਿਭਾਗ ਨਾਲ ਸਬੰਧਤ ਮੁਸ਼ਕਲਾਂ ਅਤੇ ਮਾਮਲਿਆਂ ਬਾਰੇ ਸਬੰਧਤ ਵਿਭਾਗਾਂ ਨੂੰ ਤੁਰੰਤ ਕਾਰਵਾਈ ਕਰਕੇ ਹੱਲ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਵੈ ਰੋਜ਼ਗਾਰ ਸਬੰਧੀ ਮੁਫ਼ਤ ਸਿਖਲਾਈ ਲੈ ਕੇ ਸਵੈ ਰੋਜ਼ਗਾਰ ਸ਼ੁਰੂ ਕਰਨ ਸਬੰਧੀ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈਣ। ਉਹਨਾਂ ਨੇ ਨਾਲ ਹੀ ਇਹ ਵੀ ਅਪੀਲ ਕੀਤੀ ਕਿ ਉਹ ਆਪਣੀਆਂ ਮੁਸ਼ਕਲਾਂ ਬੇਝਿਜਕ ਹੋ ਕੇ ਜ਼ਿਲ੍ਹਾ ਪ੍ਰਸ਼ਾਸਨ ਦੇ ਧਿਆਨ ਵਿੱਚ ਲੈਕੇ ਆਉਣ। ਇਸ ਮੌਕੇ ਐਸ.ਡੀ.ਐਮ. ਸੰਗਰੂਰ ਚਰਨਜੋਤ ਸਿੰਘ ਵਾਲੀਆ ਨੇ ਦੱਸਿਆ ਕਿ ਇਸ ਕੈਂਪ ਨੂੰ ਲੋਕਾਂ ਦਾ ਭਰਵਾਂ ਹੁੰਗਾਰਾ ਮਿਲਿਆ। ਇਸ ਕੈਂਪ ਦਾ ਤਕੀਪੁਰ ਦੇ ਨਾਲ-ਨਾਲ ਆਲ਼ੇ ਦੁਆਲੇ ਦੇ ਹੋਰਨਾਂ ਪਿੰਡਾਂ ਦੇ ਲੋਕਾਂ ਨੇ ਵੀ ਲਾਭ ਲਿਆ। ਇਸ ਮੌਕੇ ਲੋਕਾਂ ਨੂੰ ਲੋਕ ਭਲਾਈ ਸਕੀਮਾਂ ਬਾਰੇ ਜਾਗਰੂਕ ਵੀ ਕੀਤਾ ਗਿਆ। ਇਸ ਮੌਕੇ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਵੱਡੀ ਗਿਣਤੀ ਪਿੰਡਾਂ ਦੇ ਲੋਕ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸਿਹਤ ਵਿਭਾਗ ਵੱਲੋਂ ਵੱਖ ਵੱਖ ਪਿੰਡਾਂ ਵਿੱਚ ਵੈਕਟਰ ਬੌਰਨ ਡਜ਼ੀਜ ਐਕਟੀਵਿਟੀ ਕੀਤੀ ਗਈ



**ਧੂਰੀ (ਰਣਜੀਤ ਸਿੰਘ ਪੇਧਨੀ)**-ਸਿਵਲ ਸਰਜਨ ਸੰਗਰੂਰ ਡਾਕਟਰ ਕਿਰਪਾਲ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਅਤੇ ਜਿਲਾਂ ਐਪੀਡੀਮੋਲੋਜਿਸਟ ਡਾਕਟਰ ਉਪਾਸਨਾ ਬਿੰਦਰਾਂ ਅਤੇ ਐਸ ਐਮ ਓ ਡਾਕਟਰ ਮਹੁੰਮਦ ਅਖ਼ਤਰ ਜੀ ਦੀ ਯੋਗ ਅਗਵਾਈ ਅਤੇ ਅਸ਼ੋਕ ਕੁਮਾਰ ਐਸ ਆਈ ਦੀ ਸੁਪਰਵੀਜਨ ਵਿੱਚ ਪਿੰਡ ਬਾਲੀਆਂ,ਕਿਲਾਂ ਹਕੀਮਾਂ,ਲੱਡਾਂ ਕੋਠੀ,ਕਹੈਰੂ,ਨੱਤ ਵਿਖੇ ਵੈਕਟਰ ਬੌਰਨ ਡਜ਼ੀਜ ਐਕਟੀਵਿਟੀ ਕੀਤੀ ਗਈ ਅਤੇ ਪਬਲਿਕ ਨੂੰ ਡੈਂਗੂ ਬੁਖਾਰ,ਮਲੇਰੀਆ ਬੁਖਾਰ, ਚਿਕਨਗੁਨੀਆ ਬੁਖਾਰ ਅਤੇ ਮੋਸਮੀ ਬਿਮਾਰੀਆਂ ਦੇ ਚਿੰਨ੍ਹ ਅਤੇ ਲੱਛਣਾਂ ਬਾਰੇ ਜਾਣਕਾਰੀ ਦਿੱਤੀ ਗਈ ਤੇ ਦੱਸਿਆ ਗਿਆ ਕੇ ਡੈਂਗੂ ਇੱਕ ਵਾਇਰਲ ਬੁਖਾਰ ਹੈ ਜੋ ਏਡੀਜ ਅਜਿਪਟੀ ਨਾਮ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ ਇਹ ਮੱਛਰ ਹਮੇਸ਼ਾ ਸਾਫ਼ ਅਤੇ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ ।ਇਹ ਮੱਛਰ ਕੂਲਰ ਦੇ ਪਾਣੀ ਵਿੱਚ ਅਤੇ ਫਰਿੱਜਾਂ ਪਿੱਛੇ ਲੱਗੀਆਂ ਟਰੇਆਂ,ਗਮਲਿਆਂ,ਕੰਨਟੇਨਰਾ,ਖੈਲਾ ਛੱਤ ਤੇ ਪਏ ਕਬਾੜ ਟਾਇਰਾਂ ਆਦਿ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ ਇਸ ਲਈ ਸਾਨੂੰ ਇੱਕ ਹਫਤੇ ਤੋਂ ਪਹਿਲਾਂ ਪਹਿਲਾਂ ਇਹਨਾਂ ਬਰਤਨਾਂ ਵਿਚਲਾ ਪਾਣੀ ਬਦਲ ਦੇਣਾ ਚਾਹੀਦਾ ਹੈ ਅਤੇ ਬਰਤਨਾ ਨੂੰ ਪੂਰੀ ਤਰ੍ਹਾਂ ਸੁੱਕਾ ਕੇ ਫਿਰ ਪਾਣੀ ਪਾਇਆ ਜਾਵੇ ਇਹ ਮੱਛਰ ਸਵੇਰੇ ਸ਼ਾਮ ਕੱਟਦਾ ਹੈ ਇਸ ਲਈ ਸਵੇਰੇ ਸ਼ਾਮ ਪੂਰੇ ਕੱਪੜੇ ਪਹਿਨਣੇ ਚਾਹੀਦੇ ਹਨ ਜੇ ਕਰ ਕਿਸੇ ਨੂੰ ਤੇਜ਼ ਸਿਰ ਦਰਦ ਅਤੇ ਤੇਜ਼ ਬੁਖਾਰ,ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ,ਮਾਸ ਪੇਸ਼ੀਆਂ ਅਤੇ ਜੋੜਾਂ ਵਿੱਚ ਦਰਦ,ਜੀ ਕੱਚਾ ਹੋਣਾ ਅਤੇ ਉਲਟੀਆਂ,ਹਾਲਤ ਖ਼ਰਾਬ ਹੋਣ ਤੇ ਨੱਕ,ਮੂੰਹ ਅਤੇ ਮਸੂੜਿਆਂ ਵਿੱਚੋਂ ਖ਼ੂਨ ਵੱਗਣਾ ਆਦਿ ਤਾਂ ਸਾਨੂੰ ਡੈਂਗੂ ਹੋਣ ਦੀਆਂ ਸੰਭਾਨਾਵਾਂ ਹੋ ਸਕਦੀਆਂ ਹਨ ਇਹਨਾਂ ਹਾਲਤਾਂ ਵਿੱਚ ਮਰੀਜ਼ ਨੂੰ ਵੱਧ ਤੋਂ ਵੱਧ ਤਰਲ ਪਦਾਰਥ ਦੇਣੇ ਚਾਹੀਦੇ ਹਨ ਅਤੇ ਲੋੜ ਪੈਣ ਤੇ ਨੇੜੇ ਦੇ ਸਿਹਤ ਕੇਂਦਰ ਨਾਲ ਸੰਪਰਕ ਕਰਨਾ ਚਾਹੁੰਦਾ ਹੈ ।ਸਾਰੇ ਸਰਕਾਰੀ ਹਸਪਤਾਲਾਂ ਵਿੱਚ ਡੈਂਗੂ ਦਾ ਟੈਸਟ ਅਤੇ ਇਲਾਜ ਬਿਲਕੁਲ ਮੁਫ਼ਤ ਕੀਤਾ ਜਾਂਦਾ ਹੈ ਅਤੇ ਪਿੰਡ ਬਾਲੀਆਂ ਵਿਖੇ ਡੈਂਗੂ ਦੇ ਲਾਰਵੇ ਦੇ ਖਾਤਮੇ ਲਈ ਟੇਮੀਫਾਸ਼ ਦਾ ਸਪਰੇਅ ਕਰਵਾਈ ਗਈ ।ਟੀਮ ਮੈਂਬਰ ਅਮਰੀਕ ਸਿੰਘ ਸਿੱਧੂ , ਗੁਰਵਿੰਦਰ ਸਿੰਘ,ਜਸਵਿੰਦਰ ਸਿੰਘ ਸੰਧੂ ,ਹਰਜੀਤ ਸਿੰਘ,ਗੁਰਪ੍ਰੀਤ ਸਿੰਘ ਮ,ਪ,ਹ,ਵ (ਮ) ਅਤੇ ਵਰੀਡ ਚੈੱਕਰ ਰਵਿੰਦਰ ਸਿੰਘ ਅਤੇ ਲਖਵਿੰਦਰ ਸਿੰਘ ਹਾਜ਼ਰ ਸਨ ।

ਆਵਾਜ਼ਿ ਕੌਮ AWAZE QAUM International Newspaper & WEB TV

## ਬਰਨਾਲਾ ਤੋਂ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੂੰ ਟਿਕਟ ਦੇ ਕੇ ਨਿਵਾਜਿਆ ਜਾਵੇ: ਬੁੱਟਰ,ਮੀਮਸਾ, ਗਰੇਵਾਲ




ਚੰਡੀਗੜ੍ਹ ( ਰਣਜੀਤ ਸਿੰਘ ਪੇਧਨੀ ) ਪੰਜਾਬ ਵਿੱਚ ਜਲੰਧਰ ਦੀ ਜਿਮਨੀ ਚੋਣ ਦੇ ਵੱਡੇ ਮਾਰਜਨ ਨਾਲ ਜਿੱਤਣ ਤੇ ਆਮ ਆਦਮੀ ਪਾਰਟੀ ਦੇ ਵਰਕਰਾਂ, ਵਲੰਟੀਅਰਾਂ ਦੇ ਹੌਸਲੇ ਬੁਲੰਦ ਹੋਏ ਹਨ। ਜਲੰਧਰ ਵਾਸੀਆਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤੇ ਕੰਮਾਂ ਤੇ ਮੋਹਰ ਲਾ ਲਾ ਕੇ ਮੁੱਖ ਮੰਤਰੀ ਦੇ ਹੱਥ ਮਜਬੂਤ ਕੀਤੇ ਹਨ। ਇਸੇ ਹੀ ਤਰ੍ਹਾਂ ਬਰਨਾਲਾ ਦੀ ਜਿਮਨੀ ਚੋਣ ਆ ਰਹੀ ਹੈ ਜਿਸ ਵਿੱਚ ਵੱਖ-ਵੱਖ ਆਗੂਆਂ ਵੱਲੋਂ ਆਪਣੀ ਦਾਅਵੇਦਾਰੀ ਪੇਸ਼ ਕੀਤੀ ਜਾ ਰਹੀ । ਪਿਛਲੇ ਲੰਮੇ ਸਮੇਂ ਤੋਂ ਪਾਰਟੀ ਦੇ ਲਈ ਦਿਨ ਰਾਤ ਮਿਹਨਤ ਕਰਨ ਵਾਲੇ ਮਿਹਨਤੀ ਆਗੂ ਆਪ ਸਪੋਰਟਸ ਵਿੰਗ ਪੰਜਾਬ ਦੇ ਜਨਰਲ ਸਕੱਤਰ ਸ, ਰਾਜਵੰਤ ਸਿੰਘ ਘੁੱਲੀ ਨੂੰ ਬਰਨਾਲਾ ਵਿਧਾਨ ਸਭਾ ਹਲਕੇ ਤੋਂ ਟਿਕਟ ਦੀ ਮੰਗ ਕਰਦਿਆਂ ਆਪ ਆਗੂ ਕੁਲਦੀਪ ਸਿੰਘ ਬੁੱਟਰ, ਸਾਬਕਾ ਸਰਪੰਚ ਨਾਹਰ ਸਿੰਘ ਮੀਮਸਾ ਅਤੇ ਮਾਣਾ ਗਰੇਵਾਲ ਨੇ ਕਿਹਾ ਹੈ ਕਿ 2014 ਤੋਂ ਲੈ ਕੇ ਅੱਜ ਤੱਕ ਪਾਰਟੀ ਦੇ ਲਈ ਦਿਨ ਰਾਤ ਮਿਹਨਤ ਕਰਨ ਵਾਲੇ ਸ, ਰਾਜਵੰਤ ਸਿੰਘ ਘੁੱਲੀ ਨੂੰ ਬਰਨਾਲਾ ਵਿਧਾਨ ਸਭਾ ਹਲਕੇ ਤੋਂ ਟਿਕਟ ਦੇ ਕੇ ਨਿਵਾਜਿਆ ਜਾਵੇ। ਆਗੂਆਂ ਨੇ ਕਿਹਾ ਕਿ ਪਹਿਲਾਂ ਤਾਂ ਟਿਕਟ ਬਰਨਾਲਾ ਹਲਕੇ ਦੇ ਆਗੂਆਂ ਦੀ ਬਣਦੀ ਹੈ, ਪਰ ਜੇਕਰ ਪਾਰਟੀ ਕਿਸੇ ਬਾਹਰਲੇ ਹਲਕੇ ਚੋਂ ਉਮੀਦਵਾਰ ਉਤਾਰੇਗੀ ਤਾਂ ਫੇਰ ਚੇਅਰਮੈਨ ਘੁੱਲੀ ਸਭ ਤੋਂ ਬਿਹਤਰ ਅਤੇ ਮਜ਼ਬੂਤ ਦਾਅਵੇਦਾਰ ਹਨ। ਚੇਅਰਮੈਨ ਘੁੱਲੀ ਬਰਨਾਲਾ ਸੀਟ ਵੱਡੇ ਮਾਰਜਣ ਨਾਲ ਜਿੱਤ ਕੇ ਪਾਰਟੀ ਦੀ ਝੋਲੀ ਪਾਉਣਗੇ ਅਤੇ ਪੰਜਾਬ ਦੇ ਮੁੱਖ ਮੰਤਰੀ ਸ, ਭਗਵੰਤ ਸਿੰਘ ਮਾਨ ਦੇ ਹੱਥ ਮਜਬੂਤ ਕਰਨਗੇ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਵਿੰਨੀਪੈਗ ਕੀਵੇਟਿਨ ਫਾਰਮੇਸੀ ਦੇ ਮਾਲਕ ਸਰਦਾਰ ਅਮਰਜੀਤ ਸਿੰਘ ਮੱਕੜ ਵੱਲੋਂ

# ਸ. ਹਰਪ੍ਰੀਤ ਸਿੰਘ ਜਵੰਦਾ ਨੂੰ ਦੱਸੀ ਹੱਡ ਬੀਤੀ

ਨਵੰਬਰ ਚੁਰਾਸੀ ਵੇਲੇ ਹਰਿਆਣੇ ਦਾ ਮੋਹਿੰਦਰ ਗੜ ਜਿਲਾ..

ਦਾਹੜੀ ਵਾਲਿਆਂ ਨੂੰ ਲੱਭਦੀ ਹੋਈ ਇੱਕ ਵਡੀ ਹਿੰਸਕ ਭੀੜ ਨੇ ਤੜਕ ਸੁਵੇਰ ਸਾਡਾ ਨਿੱਕਾ ਜਿਹਾ ਪਿੰਡ ਘੇਰ ਲਿਆ..!

ਕਈ ਆਖਣ ਲੱਗੇ ਵਾਲ ਕੱਟ ਲਵੋ..ਦਾਦਾ ਜੀ ਆਖਣ ਲੱਗੇ ਇੰਝ ਨੀ ਕਰਨਾ..ਦਸਮ ਪਿਤਾ ਦੇ ਪੁੱਤਰ ਹਾਂ..ਸਿੱਖੀ ਕੇਸਾਂ ਸਵਾਸਾਂ ਸੰਗ ਹੀ ਨਿਭੇਗੀ..ਬੱਸ ਗੁਰੂ ਤੇ ਭਰੋਸਾ ਨਾ ਛੱਡਿਓ..ਜਰੂਰ ਕਰਾਮਾਤ ਹੋਵੇਗੀ..!

ਫੇਰ ਕਿਰਪਾਨਾਂ,ਦਾਤਰੀਆਂ ਅਤੇ ਜੋ ਵੀ ਹੱਥ ਵਿਚ ਆਇਆ ਲੈ ਮੋਰਚਿਆਂ ਵਿਚ ਡਟ ਗਏ..!


ਉੱਚੀ ਸਾਰੀ ਛੱਡੇ ਜਾਂਦੇ ਜੈਕਾਰਿਆਂ ਦਾ ਐਸਾ ਅਸਰ ਹੋਇਆ ਕਿਸੇ ਨੇ ਵੀ ਨੇੜੇ ਆਉਣ ਦੀ ਹਿੰਮਤ ਨਾ ਕੀਤੀ..!

ਫੇਰ ਵਾਕਿਆ ਹੀ ਕਰਾਮਾਤ ਵਰਤੀ ਤੇ ਤੀਹ ਦੇ ਤੀਹ ਸਿੰਘ ਬਿਨਾ ਸ਼ਹੀਦ ਹੋਇਆਂ ਕੇਸਾਂ ਸਵਾਸਾਂ ਸੰਘ ਨਿਭਾ ਗਏ..!

ਤਿੰਨ ਦਹਾਕਿਆਂ ਮਗਰੋਂ ਜਦੋਂ ਕਨੇਡਾ ਦੀ ਧਰਤੀ ਤੇ ਪੈਰ ਪਾਇਆ ਤਾਂ ਕਿੰਨੀਆਂ ਸਾਰੀਆਂ ਨਿੱਕੀਆਂ ਮੋਟੀਆਂ ਨੌਕਰੀਆਂ ਕਰਨੀਆਂ ਪਈਆਂ..ਫੇਰ ਪੜਾਈ ਕਰ ਕੇ ਇੱਕ ਦਵਾਈਆਂ ਬਣਾਉਣ ਵਾਲੀ ਕੰਪਨੀ ਵਿਚ ਅਪਲਾਈ ਕਰ ਦਿੱਤਾ..!

ਮੇਰਾ ਭਰਵਾਂ ਦਾਹੜਾ ਵੇਖ "ਡੈਨ ਕੂਪਰ" ਨਾਮ ਦਾ ਗੋਰਾ ਮੈਨੇਜਰ ਆਖਣ ਲੱਗਾ ਦੋਸਤਾ ਇਹ ਦਵਾਈਆਂ ਬਣਾਉਣ ਦਾ ਸੰਵੇਦਨ ਸ਼ੀਲ ਕਾਰਜ ਏ..ਕਿਸੇ ਤਰਾਂ ਦਾਹੜੀ ਸ਼ੇਵ ਕਰ ਸਕਦਾ ਏਂ ਤਾਂ ਤੇਰੀ ਨੌਕਰੀ ਪੱਕੀ..!

ਅੱਗੋਂ ਚੁਰਾਸੀ ਵੇਲੇ ਦਾਦੇ ਹੁਰਾਂ ਦੇ ਆਖੇ ਬੋਲ ਕੰਨਾਂ ਵਿਚ ਆਣ ਵੱਜੇ..




"ਜੇ ਨਿਭੇਗੀ ਤਾਂ ਸਿਰਫ ਕੇਸਾਂ ਸਵਾਸਾਂ ਸੰਗ ਹੀ ਨਿਭੇਗੀ..ਨਹੀਂ ਤਾਂ ਉਸ ਦੇ ਭਾਣੇ ਵਿਚ ਸਭ ਕੁਝ ਮਨਜੂਰ ਏ.."

ਠੀਕ ਇਹੋ ਗੱਲ ਗੋਰੇ ਨੂੰ ਵੀ ਆਖ ਦਿੱਤੀ ਕੇ ਨਾ ਤੇ ਗੁਰੂ ਦੇ ਅਸੂਲਾਂ ਦੇ ਉਲਟ ਜਾ ਸਕਦਾ ਹਾਂ ਤੇ ਨਾ ਹੀ ਦਾਦੇ ਜੀ ਅੱਗੇ ਝੂਠਾ ਪੈ ਸਕਦਾ ਹਾਂ..!

ਉਸਨੇ ਕੁਝ ਸੋਚਿਆ ਅਤੇ ਮੁੜ ਸੌਰੀ ਆਖ ਬਾਹਰ ਨੂੰ ਤੋਰ ਦਿੱਤਾ..!

ਮੈਂ ਹੋਰ ਪਾਸੇ ਅਪਲਾਈ ਕਰਨ ਵਿਚ ਰੁਝ ਗਿਆ..!

ਇੱਕ ਦਿਨ ਅਚਾਨਕ ਕੂਪਰ ਦੀ ਕਾਲ ਆ ਗਈ..ਆਖਣ ਲੱਗਾ ਮਸਲਾ ਹੱਲ ਹੋ ਗਿਆ..ਤਿੰਨ ਦਿਨ ਲਾ ਕੇ ਤੇਰੇ ਵਾਸਤੇ ਅਮਰੀਕਾ ਤੋਂ ਇੱਕ ਉਚੇਚੀ ਕਿੱਟ ਮੰਗਵਾਈ ਏ..ਹੁਣ ਜਦੋਂ ਮਰਜੀ ਆ ਕੇ ਜੋਇਨ ਕਰ ਸਕਦਾ ਏ..!

ਫੇਰ ਫੋਨ ਬੰਦ ਕਰਨ ਤੋਂ ਪਹਿਲਾਂ ਇੱਕ ਵਿਲੱਖਣ ਜਿਹੀ ਗੱਲ ਦੱਸੀ..ਆਖਣ ਲੱਗਾ ਕੇ ਮਿਸਟਰ ਸਿੰਘ ਜਿਸ ਦਿਨ ਤੇਰੀ ਇੰਟਰਵਿਊ ਲਈ ਸੀ ਉਸ ਦਿਨ ਮੈਂ ਬਿਲਕੁਲ ਵੀ ਸੌਂ ਨਾ ਸਕਿਆ..ਸਾਰੀ ਰਾਤ ਬੱਸ ਏਹੀ ਸੋਚਦਾ ਰਿਹਾ ਕੇ ਜਿਸ ਬੰਦੇ ਨੇ ਗੁਰੂ ਦੇ ਸਿਧਾਂਤਾਂ ਤੇ ਪਹਿਰਾ ਦਿੰਦਿਆਂ ਏਨੀ ਵਧੀਆ ਨੌਕਰੀ ਨੂੰ ਠੋਕਰ ਮਾਰਨ ਲੱਗਿਆਂ ਘੜੀ ਵੀ ਨਹੀਂ ਲਾਈ ਉਹ ਗੁਰੂ ਤੇ ਉਸਦਾ ਫਲਸਫਾ ਕਿੱਡਾ ਮਹਾਨ ਹੋਵੇਗਾ..ਤੇ ਕਿੱਡੀ ਉਚੀ ਹੋਵੇਗੀ ਇੱਕ ਦਾਦੇ ਵੱਲੋਂ ਪੋਤੇ ਨੂੰ ਦਿੱਤੀ ਹੋਈ ਪ੍ਰਪੱਕਤਾ ਵਾਲੀ ਸਿਖਿਆ..!

ਏਨੀ ਗੱਲ ਆਖ ਫੋਨ ਬੰਦ ਕਰ ਗਿਆ ਪਰ ਮੈਂ ਆਪਮੁਹਾਰੇ ਹੀ ਉਚੀ ਸਾਰੀ ਓਹੀ ਜੈਕਾਰਾ ਇੱਕ ਵੇਰ ਫੇਰ ਛੱਡ ਦਿੱਤਾ ਜਿਸ ਨਾਲ ਕਿਸੇ ਵੇਲੇ ਪੂਰੇ ਦਾ ਪੂਰਾ ਮੋਹਿੰਦਰਗੜ ਜਿਲਾ ਕੰਬ ਉਠਿਆ ਸੀ..! ••

### ਜੇਕਰ ਸਾਡੀ ਕੌਮ ਗੁੜ ਦਿੱਤਿਆਂ ਮਰਦੀ ਹੈ ਤਾਂ ਫਿਰ

# ਕਿਸੇ ਨੂੰ ਸਾਨੂੰ ਜ਼ਹਿਰ ਦੇਣ ਦੀ ਕੀ ਲੋੜ ਹੈ

**ਅੰਮ੍ਰਿਤਸਰ, 25 ਜੁਲਾਈ (ਆਵਾਜ਼ਿ ਕੌਮ ਬਿਊਰੋ)-** ਪੰਜਾਬ ਦੀ ਰਾਜ ਸੱਤਾ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਬੰਧ ਕਬਜ਼ੇ ਵਿੱਚ ਲੈਣ ਲਈ ਸਿੱਖ ਕੌਮ ਵਿੱਚ ਸਿਆਸੀ ਤੂਫ਼ਾਨ ਉਠਿਆ ਹੋਇਆ ਹੈ ਅਤੇ ਆਪਸੀ ਖਿਚੋਤਾਣ ਦਾ ਮਾਹੌਲ ਬਣਿਆ ਹੋਇਆ ਹੈ, ਜੋ ਸਿੱਖ ਕੌਮ ਦੀ ਤਾਕਤ ਨੂੰ ਹਰ ਪਾਸੇ ਤੋਂ ਕਮਜ਼ੋਰ ਕਰ ਰਿਹਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸਾਬਕਾ ਜ਼ਿਲ੍ਹਾ ਪ੍ਰੈਸ ਸਕੱਤਰ ਤੇ ਪੰਥਕ ਆਗੂ ਭਾਈ ਸ਼ਮਸ਼ੇਰ ਸਿੰਘ ਪੱਧਰੀ ਨੇ ਇਕ ਪ੍ਰੈਸ ਨੋਟ ਰਾਹੀਂ ਕੀਤਾ। ਭਾਈ ਪੱਧਰੀ ਨੇ ਪ੍ਰੈਸ ਨੋਟ ਰਾਹੀਂ ਮੌਜੂਦਾ ਪੰਥਕ ਹਲਾਤਾਂ ਦੇ ਮੱਦੇਨਜ਼ਰ ਸਿੱਖ ਆਗੂਆਂ ਵੱਲੋਂ ਸੱਤਾ ਲਾਲਚ ਵੱਸ ਹੋਕੇ ਕੀਤੀ ਜਾ ਆਪਸੀ ਖਿਚੋਤਾਣ ਤੇ ਗਹਿਰਾ ਦੁੱਖ ਪ੍ਰਗਟਾਇਆ ਹੈ ਅਤੇ ਕਿਹਾ ਕਿ ਲੱਗਭੱਗ ਚਾਰ ਦਹਾਕਿਆਂ ਬਾਅਦ ਪੰਜਾਬ ਦੇ ਲੋਕਾਂ ਖਾਸ ਕਰਕੇ ਸਿੱਖਾਂ ਨੇ ਕੌਮੀ ਹਿੱਤਾਂ ਨੂੰ ਮੁੱਖ ਰੱਖਦਿਆਂ ਸਿਰਫ ਦੋ ਲੋਕ ਸਭਾ ਹਲਕਿਆਂ ਵਿੱਚ ਪੂਰਨ ਤੌਰ ਤੇ ਦਿਲਚਸਪੀ ਵਿਖਾਈ ਹੈ। ਜਿਸ ਕਾਰਨ ਮਾਝੇ ਦੀ ਧਰਤੀ ਤੋਂ ਕੌਮੀ ਬਿਗਲ ਦੀ ਆਵਾਜ਼ ਸੁਣਾਈ ਦਿੱਤੀ ਹੈ। ਪਰ ਇਸ ਸਭ ਦੇ ਦਰਮਿਆਨ ਆਪਸੀ ਪੰਥਕ ਖਿੱਚੋਤਾਣ ਨੇ ਦੁਨੀਆਂ ਭਰ ਵਿੱਚ ਵੱਸਦੇ ਸਿੱਖਾਂ ਨੂੰ ਇਕ ਲਾਈਨ ਤੋਂ ਹੱਟਕੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਅਤੇ ਨਾਲ ਦੁਚਿੱਤੀਆਂ ਵਿੱਚ ਪਾਕੇ ਰੱਖ ਦਿੱਤਾ ਹੈ। ਕੌਣ ਕਿੰਨਾ ਪੰਥਕ ਹੈ, ਕੌਣ ਕਿੰਨਾਂ ਕੌਮ ਲਈ ਸਮਰਪਣ ਦੀ ਭਾਵਨਾ ਰੱਖਦਾ ਹੈ ਇਸ ਦਾ ਅੰਦਾਜ਼ਾ ਲਗਾਉਣਾ ਮੁਸ਼ਿਕਲ ਹੋ ਗਿਆ ਹੈ। ਇਸੇ ਕਾਰਨ ਸਿੱਖ ਕੌਮ ਵਿੱਚ ਰਾਜ ਸੱਤਾ ਦੇ ਲਾਲਚ ਨੂੰ ਲੈਕੇ ਉਪਜੇ ਮੱਤਭੇਦ ਸਿੱਖਾਂ ਨੂੰ ਕੌਮੀ ਨਿਸ਼ਾਨਿਆਂ ਤੋਂ ਭਟਕਾ ਰਹੇ ਹਨ, ਜੋ ਕਿ ਸਾਡੇ ਲਈ ਬੇਹੱਦ ਸ਼ਰਮਨਾਕ ਗੱਲ ਹੈ। ਸੋਸ਼ਲ ਮੀਡੀਆ ਤੇ ਇਕ ਵੱਖਰੀ ਜੰਗ ਚੱਲ ਰਹੀ ਹੈ ਜਿਸ ਦਾ ਪ੍ਰਭਾਵ ਹਥਿਆਰਾਂ ਤੋਂ ਵੀ ਵੱਧ ਖ਼ਤਰਨਾਕ ਹੈ। ਪੰਥਕ ਆਗੂਆਂ ਦਰਮਿਆਨ ਸੋਸ਼ਲ ਮੀਡੀਆ ਤੇ ਚੱਲ ਰਹੀ ਆਪਸੀ ਸ਼ਬਦੀ ਜੰਗ ਸਿੱਖਾਂ ਦੇ ਮਨਾਂ ਤੇ ਪ੍ਰਭਾਵ ਪਾਉਣ ਦੇ ਨਾਲ-ਨਾਲ ਸਾਰੇ ਸੰਸਾਰ ਵਿੱਚ ਸਿੱਖਾਂ ਦੀ ਸ਼ਵੀ ਨੂੰ ਕਮਜ਼ੋਰ ਕਰ ਰਹੀ ਹੈ। ਇਸ ਗੱਲ ਤੇ ਗਹਿਰੇ ਚਿੰਤਨ ਦੀ ਲੋੜ ਹੈ ਕਿ ਆਖਰ ਇਸ ਖਿੱਚੋਤਾਣ ਦਾ ਮੂਲ ਕੀ ਹੈ ਤੇ ਇਸ ਤੋਂ ਕਿਸਨੂੰ ਫਾਇਦਾ ਮਿਲ ਰਿਹਾ ਹੈ। ਸਿੱਖਾਂ ਨੂੰ ਇਸਤੋਂ ਲਾਭ ਹੋਵੇ ਜਾਂ ਨਾਂ ਹੋਵੇ ਪਰ ਇਹ ਮੰਨਣਾ ਪਵੇਗਾ ਕਿ ਸਿੱਖ ਵਿਰੋਧੀ ਧਿਰਾਂ ਇਸਦਾ ਭਰਭੂਰ ਫਾਇਦਾ ਉਠਾਕੇ ਆਪਣੇ ਮਕਸਦ ਵਿੱਚ ਕਾਮਯਾਬ ਹੋ ਰਹੀਆਂ ਹਨ। ਇਹੀ ਕਾਰਨ ਹੈ ਕਿ ਸਿੱਖ ਵਿਰੋਧੀ ਹਾਕਮ ਧਿਰ ਕੁਝ ਕ ਕਮਜ਼ੋਰ ਪਹਿਲੂਆਂ ਦੇ ਕਿਨਾਰਿਆਂ ਨੂੰ ਫੜਕੇ ਸੱਤਾ ਦਾ ਲਾਲਚ ਦੇਕੇ ਸਾਰੀ ਸਿੱਖ ਕੌਮ ਨੂੰ ਨਿਸ਼ਾਨਾ ਬਣਾ ਰਹੀ ਹੈ। ਇਸ ਕਰਕੇ ਜੇਕਰ ਸਾਡੀ ਕੌਮ ਗੁੜ ਦਿੱਤਿਆਂ ਮਰਦੀ ਹੈ ਤਾਂ ਫਿਰ ਕਿਸੇ ਨੂੰ ਸਾਨੂੰ ਜ਼ਿਹਰ ਦੇਣ ਦੀ ਕੀ ਲੋੜ ਹੈ ? ਭਾਈ ਪੱਧਰੀ ਨੇ ਕਿਹਾ ਕਿ ਇਕ ਕੌਮ ਲਈ ਰਾਜ ਹਾਸਲ ਕਰਨਾ ਜਾਂ ਆਪਣੇ ਕੌਮੀ ਧਾਰਮਿਕ ਸਥਾਨਾਂ ਦਾ ਪ੍ਰਬੰਧ ਆਪਣੇ ਹੱਥਾਂ ਵਿੱਚ ਲੈਣਾ ਕੋਈ ਬੁਰੀ ਗੱਲ ਨਹੀਂ ਪਰ ਇਸਦੀ ਖ਼ਾਤਰ ਆਪਣਿਆਂ ਨੂੰ ਲਤਾੜਨਾ ਬਹੁਤ ਮਾੜੀ ਗੱਲ ਹੈ ਤੇ ਐਸਾ ਹੀ ਹੋ ਰਿਹਾ ਹੈ। ਇਹ ਐਸਾ ਹੈ ਕਿ ਜਿਸ ਸ਼ਾਖ ਤੇ ਬੈਠਣਾ ਉਸੇ ਸ਼ਾਖ ਨੂੰ ਕੱਟਣ ਦੇ ਸਮਾਨ ਹੈ। ਅਜਿਹਾ ਕਰਨ ਵਾਲੇ ਆਗੂ ਅਤੇ ਅਜਿਹਾ ਕਰਕੇ ਕੀਤਾ ਰਾਜ ਜ਼ਿਆਦਾ ਦੇਰ ਤੱਕ ਟਿਕਦਾ ਨਹੀਂ ਜਿਸਦੀ ਮਿਸਾਲ ਪੰਜਾਬ ਵਿੱਚ ਲੱਗਭੱਗ ਦੋ ਦਹਾਕੇ ਰਾਜ ਸੱਤਾ ਚ' ਰਹਿ ਚੁੱਕੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਬਾਦਲ ਤੋਂ ਲਈ ਜਾ ਸਕਦੀ ਹੈ। ਪੰਜਾਬ ਦੇ ਸਿੱਖਾਂ ਦੇ ਦਿਲਾਂ ਵਿੱਚ ਵੱਸਦੀ ਸਾਫ਼ ਤੇ ਪਾਕ ਪੰਥਕ ਸਿਆਸਤ ਨੂੰ ਕੇਂਦਰੀ ਸਿੱਖ ਵਿਰੋਧੀ ਤਾਕਤਾਂ ਦੇ ਪਿਠਲੱਗੂ ਬਣਕੇ ਨਿੱਜੀ ਮੁਫਾਦਾਂ ਖ਼ਾਤਰ ਇਸ ਪਰਿਵਾਰ ਨੇ ਗ੍ਰਹਿਣ ਲਗਾ ਕੇ ਰੱਖ ਦਿੱਤਾ ਜਿਸਦੇ ਫਲਸਰੂਪ ਸੱਤਾ ਮੋਹ ਅੱਜ ਹਰ ਸਿੱਖ ਦੇ ਦਿਲ ਅੰਦਰ ਘਰ ਕਰ ਗਿਆ ਹੈ ਤੇ ਸਮਰਪਣ ਕਿਧਰੇ ਪਿੱਛੇ ਰਹਿ ਗਿਆ ਹੈ। ਹਰ ਸਿੱਖ ਗੁਰੂ ਵਾਲਾ ਬਣਨ ਦੀ ਬਜਾਏ ਸਿਫਾਰਸ਼ ਵਾਲਾ ਬਣਨਾ ਪਸੰਦ ਕਰ ਰਿਹਾ, ਤਿਆਗ ਦੀ ਭਾਵਨਾ ਛੱਡ ਉੱਚ ਅਹੁਦਿਆਂ ਦਾ ਸੁਪਨਾ ਦੇਖਦਾ ਹੈ। ਇਸ ਪਾਰਟੀ ਦੇ ਸਿਆਸੀ ਖਿਡਾਰੀਆਂ ਵੱਲੋਂ ਕੌਮੀ ਇਤਿਫਾਕ ਨੂੰ ਲਾਲਚ ਹੇਠਾਂ ਦਬਾ ਕੇ ਰੱਖ ਦਿੱਤਾ ਗਿਆ ਹੈ। ਇਹਨਾਂ ਲਾਲਚਾਂ ਕਾਰਨ ਹੀ ਸਾਰੇ ਕੌਮੀ ਮੱਤਭੇਦ ਉੱਪਜ ਰਹੇ ਹਨ, ਜਿੰਨਾਂ ਨੇ ਕੌਮ ਨੂੰ ਸੇਧ ਦੇਣੀ ਹੈ ਉਹ ਆਪ ਖੁਦ ਇਸ ਖੇਡ ਦਾ ਹਿੱਸਾ ਬਣ ਚੁੱਕੇ ਹਨ। ਭਾਈ ਪੱਧਰੀ ਨੇ ਕਿਹਾ ਕਿ ਅਜੇ ਵੀ ਸਮਝ ਤੋਂ ਕੰਮ ਲੈਣ ਦੀ ਲੋੜ ਹੈ, ਚੰਗਾ ਬੁਰਾ ਹਰੇਕ ਨੂੰ ਨਜ਼ਰ ਆਉਂਦਾ ਹੈ ਫਿਰ ਚੰਦ ਸਿੱਕਿਆਂ ਖਾਤਰ ਤੇ ਲਾਲਸਾਵਾਂ ਦਾ ਕਰਕੇ ਆਪਣੇਂ ਪਿਛੋਕੜ ਨੂੰ ਨਾ ਭੁਲਾਇਆ ਜਾਵੇ। ਤੱਖਤਾਂ ਦੇ ਜਥੇਦਾਰ ਸਾਹਿਬਾਨ ਪੰਥ ਵੱਲੋਂ ਬਖਸ਼ੇ ਆਪਣੇਂ ਰੁਤਬੇ ਤੇ ਤਾਕਤ ਨੂੰ ਕਾਇਮ ਰੱਖਦਿਆਂ ਸਖ਼ਤ ਫ਼ੈਸਲੇ ਲੈਣ ਤੋਂ ਇਕ ਇੰਚ ਵੀ ਗੁਰੇਜ਼ ਨਾਂ ਕਰਨ ਤੇ ਕੌਮ ਦੀ ਸੁਚੱਜੀ ਅਗਵਾਈ ਕਰਨ, ਵਰਨਾਂ ਸਿੱਖ ਕੌਮ ਦੀ ਬਾਦਸ਼ਾਹਤ ਤਖ਼ਤ ਸਾਹਿਬਾਨਾਂ ਦੀ ਸ਼ਾਨ ਵਿੱਚ ਆਈ ਗਿਰਾਵਟ ਸਿੱਖ ਕੌਮ ਦੇ ਪਤਨ ਦਾ ਕਾਰਨ ਬਣੇਗੀ। ਇਸਦੇ ਨਾਲ ਹੀ ਭਾਈ ਪੱਧਰੀ ਨੇ ਸਮੁੱਚੇ ਸਿੱਖ ਆਗੂਆਂ ਨੂੰ ਇਕ ਪਲੇਟਫਾਰਮ ਤੇ ਇਕੱਤਰ ਹੋਕੇ ਕੌਮੀ ਪਰਚਮ ਲਹਿਰਾਉਣ ਦੀ ਸਲਾਹ ਦਿੱਤੀ।



**ਸਿੱਖ ਕੌਮ ਵਿੱਚ ਰਾਜ ਸੱਤਾ ਦੇ ਲਾਲਚ ਨੂੰ ਲੈਕੇ ਉਪਜੇ ਮੱਤਭੇਦ ਸਿੱਖਾਂ ਨੂੰ ਕੌਮੀ ਨਿਸ਼ਾਨਿਆਂ ਤੋਂ ਭਟਕਾ ਰਹੇ ਹਨ : ਸ਼ਮਸ਼ੇਰ ਸਿੰਘ ਪੱਧਰੀ**

# ਬਜਟ ਤੋਂ ਆਮ ਵਰਗ ਨਿਰਾਸ਼ : ਈ ਟੀ ਉ, ਜਲਾਲ ਉਸਮਾ



ਚੌਕ ਮਹਿਤਾ 25 ਜੁਲਾਈ ( ਬਾਬਾ ਸੁਖਵੰਤ ਸਿੰਘ ਚੰਨਣਕੇ) ਕੇਂਦਰੀ ਬਜਟ ਨੂੰ ਸਮਾਜ ਦੇ ਸਾਰੇ ਵਰਗਾ ਲਈ ਵੱਡੀ ਨਿਰਾਸ਼ਾ ਕਰਾਰ ਦਿੰਦਿਆਂ ਕੈਬਨਿਟ ਮੰਤਰੀ ਸ, ਹਰਭਜਨ ਸਿੰਘ ਈ, ਟੀ, ਉ ਅਤੇ ਹਲਕਾ ਜੰਡਿਆਲਾ ਗੁਰੂ ਦੇ ਸੀਰੀਅਨ ਲੀਡਰ ਹਰਜਿੰਦਰ ਸਿੰਘ ਰੰਧਾਵਾ ਜਲਾਲ ਉਸਮਾ ਜਿਲਾ ਵਾਈਸ ਪ੍ਰਧਾਨ ਵਾਪਾਰ ਮੰਡਲ ਅੰਮ੍ਰਿਸਰ ਪੀ, ਏ ਸ੍ਰੀ ਵਿਨੀਤ ਵਰਮਾ ਨੇ ਦੱਸਿਆ ਕਿ ਵਿੱਤ ਮੰਤਰੀ ਵੱਲੋਂ ਐਲਾਨੇ ਗਏ ਕੇਂਦਰੀ ਬਜਟ ਵਿੱਚ ਦੇਸ ਦੇ ਧੁਰੇ ਵੱਜੋਂ ਜਾਣੇ ਜਾਂਦੇ ਪੰਜਾਬ ਤੇ ਖੇਤੀਬਾੜੀ ਖੇਤਰ ਨੂੰ ਪੂਰੀ ਤਰ੍ਹਾਂ ਅਣਗੌਲਿਆ ਤੇ ਅੱਖੋ ਪਰੋਖੇ ਕਰ ਦਿੱਤਾ ਗਿਆ ਹੈ। ਜੋ ਸਾਬਿਤ ਕਰਦਾ ਹੈ ਕਿ ਪੰਜਾਬ ਕੋਲੋਂ ਬਦਲਾ ਲਿਆ ਗਿਆ ਹੈ। ਕਿਉਂਕਿ ਬੀਤੀਆਂ ਲੋਕ ਸਭਾ ਚੋਣਾਂ ਵਿੱਚ ਪੰਜਾਬੀਆਂ ਨੇ ਭਾਜਪਾ ਨੂੰ ਪੰਜਾਬ ਵਿੱਚ ਕਰਾਰੀ ਹਾਰ ਦਿੱਤੀ ਸੀ। ਜਲਾਲ ਉਸਮਾ ਨੇ ਕਿਹਾ ਕਿ ਬਜਟ ਚ ਕੇਂਦਰ ਵੱਲੋਂ ਪੰਜਾਬ ਨਾਲ ਮਤ੍ਰੇਈ ਮਾ ਵਾਲਾ ਸਲੂਕ ਕੀਤਾ ਗਿਆ। ਕਿਉਂਕਿ ਉਥੇ ਆਮ ਆਦਮੀ ਪਾਰਟੀ ਸੱਤਾ ਵਿੱਚ ਹੈ। ਉਨ੍ਹਾਂ ਨੇ ਕਿਹਾ ਕਿ ਕਿਸਾਨਾਂ ਤੇ ਨੌਜਵਾਨਾਂ ਲਈ ਬਜਟ ਵਿੱਚ ਕੁਝ ਨਹੀਂ ਗਿਆ। ਅਗਨੀਵੀਰ ਸਕੀਮ ਨੂੰ ਖਤਮ ਕਰਨ ਦੀ ਪੂਰੇ ਦੇਸ਼ ਤੋਂ ਮੰਗ ਹੈ। ਪਰ ਬਜਟ ਚ ਇਸ ਜਿਗਰ ਤੱਕ ਕੀਤਾ ਗਿਆ। ਜਲਾਲ ਉਸਮਾ ਨੇ ਕਿਹਾ ਕਿ ਪੰਜਾਬੀਆਂ ਨੇ ਦੇਸ ਲਈ ਆਪਣਾ ਖੂਨ ਡੋਲ੍ਹਿਆ ਹੈ ਤੇ ਉਨ੍ਹਾਂ ਦੀਆਂ ਕੁਰਬਾਨੀਆਂ ਪੂਰੇ ਦੇਸ਼ ਲਈ ਪੇ ?ਰਨਾ ਸ਼ੋਰ ਹਨ। ਇਹ ਪੰਜਾਬੀ ਹੀ ਸਨ। ਜਿਨ੍ਹਾਂ ਨੇ ਉਸ ਔਖੀ ਘੜੀ ਰਾਹੀਂ ਹਰੀ ਕ੍ਰਾਂਤੀ ਰਾਹੀਂ ਦੇਸ ਦਾ ਢਿੱਡ ਭਰਿਆ ਸੀ। ਉਨ੍ਹਾਂ ਨੇ ਕਿਹਾ ਕਿ ਖਜ਼ਾਨਾ ਮੰਤਰੀ ਨੇ ਪਿਛਲੇ ਸਮੇਂ ਦੌਰਾਨ ਕੀਮਤਾਂ ਵਿੱਚ ਹੋਏ ਵਾਧੇ ਦੇ ਬੋਜ ਨੂੰ ਘਟਾਉਣ ਲਈ ਕੋਈ ਪ ?ਭਾਵੀ ਉਪਆ ਨਹੀਂ ਕੀਤੇ, ਮੱਧ ਵਰਗ ਤਾ ਨਿਰਾਸ਼ ਹੋਇਆ ਹੀ ਹੈ। ਪਰ ਤਨਖਾਹ ਦਾਰ ਵਰਗ ਨੂੰ ਟੈਕਸਾਂ ਚ ਛੋਟ ਨਹੀਂ ਦਿੱਤੀ ਗਈ। ਉਨ੍ਹਾਂ ਨੇ ਕਿਹਾ ਕਿ ਕੁੱਲ ਮਿਲਾਕੇ ਇਸ ਬਜਟ ਨੇ ਆਮ ਆਦਮੀ ਨੂੰ ਨਿਰਾਸ ਹੀ ਕੀਤਾ ਗਿਆ ਹੈ। ਇਸ ਦੌਰਾਨ ਕੈਬਨਿਟ ਮੰਤਰੀ ਸ, ਹਰਭਜਨ ਸਿੰਘ ਈ ਟੀ ਉ, ਸ੍ਰੀ ਵਿਨੀਤ ਵਰਮਾ ਮੈਬਰ ਟਰੇਡਰਜ਼ ਕਮਿਸ਼ਨ ਪੰਜਾਬ ਸਰਕਾਰ ਅਤੇ ਸੂਬਾ ਪ੍ਰਧਾਨ ਟਰੇਡਵਿੰਗ, ਹਰਜਿੰਦਰ ਸਿੰਘ ਰੰਧਾਵਾ ਜਲਾਲ ਉਸਮਾ ਪ੍ਰਧਾਨ ਜਿਲਾ ਵਾਈਸ ਵਾਪਾਰ ਮੰਡਲ ਪੀ ਏ ਸ੍ਰੀ ਵਿਨੀਤ ਵਰਮਾ, ਸੁਰਜੀਤ ਸਿੰਘ ਕੰਗ ਪੰਜਾਬ ਸਕੱਤਰ ਕਿਸਾਨ ਵਿੰਗ, ਹਲਕਾ ਜੰਡਿਆਲਾ ਗੁਰੂ ਦੇ ਸੀਨੀਅਰ ਲੀਡਰ ਠੇਕੇਦਾਰ ਲਖਵਿੰਦਰ ਸਿੰਘ ਰੰਧਾਵਾ ਜਲਾਲ ਉਸਮਾ, ਸੁਰਿੰਦਰ ਸਿੰਘ ਮਟੌਰ ਜਿਲਾ ਪ੍ਰਧਾਨ ਟਰੇਡਵਿੰਗ ਮੌਹਾਲੀ, ਰਾਜੀਵ ਖੈਹਿਰਾ ਜਿਲਾ ਪ੍ਰਧਾਨ ਵਾਪਾਰ ਮੰਡਲ ਅੰਮ੍ਰਿਤਸਰ, ਬਲਜੀਤ ਸਿੰਘ ਜੋੜਾ ਜਿਲਾ ਸੈਕਟਰੀ ਟਰੇਡਵਿੰਗ ਅੰਮ੍ਰਿਤਸਰ, ਹਰਵਿੰਦਰ ਸਿੰਘ ਡਾਇਮੰਡ ਕੋਆਰਡੀਨੇਟਰ ਟਰੇਡਵਿੰਗ ਅੰਮ੍ਰਿਤਸਰ, ਬੂਟਾ ਜਲਾਲ ਮੀਡੀਆ ਇੰਨਚਾਰਜ ਜੰਡਿਆਲਾ ਗੁਰੂ ਆਦਿ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਲੀਡਰ ਸਨ।

# ਪਿੰਡ ਪੁਰਾਣਾ ਤਨੇਲ ਵਿਖੇ ਪੱਠੇ ਵੱਡਣ ਦਾ ਮੁਕਾਬਲਾ ਕਰਵਾਇਆ, ਜੇਤੂਆ ਨੂੰ ਦਿੱਤੇ ਇਨਾਮ





**ਚੌਕ ਮਹਿਤਾ, 25 ਜੁਲਾਈ ( ਬਾਬਾ ਸੁਖਵੰਤ ਸਿੰਘ ਚੰਨਣਕੇ)** -ਮਹਾਰਾਜਾ ਦਲੀਪ ਸਿੰਘ ਸਪੋਰਟਸ ਕਲੱਬ (ਸੁਸਾਇਟੀ) ਪਿੰਡ ਪੁਰਾਣਾ ਤਨੇਲ (ਹਲਕਾ ਮਜੀਠਾ) ਵੱਲੋ ਬੜਾ ਦਿਲਚਸਪ ਅਤੇ ਨਿਵੇਕਲੀ ਖੇਡ ਪੱਠੇ ਵੱਡਣ ਦਾ ਮੁਕਾਬਲਾ ਕਰਵਾਇਆ ਗਿਆ। ਜਿਸ ਵਿੱਚ ਜਿਥੇ ਮੁਕਾਬਲਾਂ ਵੇਖਣ ਲਈ ਨੇੜਲੇ ਪਿੰਡਾ ਵਿੱਚੋ ਵੀ ਲੋਕ ਪਹੁੰਚਣ ਨਾਲ ਵੱਡੀ ਗਿਣਤੀ ਵਿੱਚ ਲੋਕ ਇਕੱਠੇ ਹੋ ਗਏ। ਇਲਾਕੇ ਵਿੱਚ ਢੋਲ ਦੇ ਡੱਗੇ ਤੇ ਪੱਠੇ ਵੱਡਣ ਦਾ ਮੁਕਾਬਲਾ ਹੋਣ ਕਾਰਨ ਵੱਖਰਾ ਖੁਸੀ ਵਾਲਾ ਮਹੌਲ ਸਿਰਜਿਆ ਗਿਆ। ਕਲੱਬ ਦੇ ਪ੍ਰਧਾਨ ਪ੍ਰਮਜੀਤ ਸਿੰਘ ਗੋਲਡੀ ,ਗੁਰਜੰਟ ਸਿੰਘ ਨੰਬਰਦਾਰ,ਪਲਵਿੰਦਰ ਸਿੰਘ ਨੰਬਰਦਾਰ,ਸੁਖਰਾਜ ਸਿੰਘ ਰਾਜੂ,ਕਾਬਲ ਸਿੰਘ ਪ੍ਰਧਾਨ,ਅੰਮ੍ਰਿਤਪਾਲ ਸਿੰਘ ਤਾਹਰਪੁਰ ਸਮੂਹ ਸਾਥੀਆ ਵੱਲੋਂ ਐਨ.ਆਰ.ਆਈ ਵੀਰ ਧਰਮਜੀਤ ਸਿੰਘ ਆਸਟਰੀਆ,ਗੁਰਇਕਬਾਲ ਸਿੰਘ ਯੂ.ਕੇ,ਅਕਾਸ਼ਦੀਪ ਸਿੰਘ ਅਮਰੀਕਾ, ਚਰਨਜੀਤ ਸਿੰਘ ਕਨੇਡਾ, ਬਲਕਰਨ ਸਿੰਘ ਭੁੱਲਰ, ਪਵਿੱਤਰਜੀਤ ਸਿੰਘ ਆਸਟਰੀਆ, ਅਕਕਾਸ਼ਦੀਪ ਸਿੰਘ ਦੁਬਈ ਆਦਿ ਦੇ ਸਹਿਯੋਗ ਨਾਲ ਰਵਾਇਤੀ ਪੱਠੇ ਵੱਡਣ ਦਾ ਮੁਕਾਬਲਾ ਕਰਵਾਇਆ ਅਤੇ ਕ੍ਰਮਵਾਰ ਪਹਿਲੇ ਸਥਾਨ ਤੇ ਹਰਜੀਤ ਸਿੰਘ ਨੂੰ 3000 ਦੂਸਰੇ ਸਥਾਨ ਤੇ ਬਚਿੱਤਰ ਸਿੰਘ ਨੂੰ 2000, ਤੀਸਰੇ ਸਥਾਨ ਤੇ ਜਗਤਾਰ ਸਿੰਘ ਨੂੰ 1000 ਚੌਥੇ ਸਥਾਨ ਮਦਨ ਸਿੰਘ ਨੂੰ 500 ਪੰਜਵੇ ਸਥਾਨ ਤੇ ਫੋਜੀ ਭੱਲੀ ਨੂੰ 500, ਅਤੇ ਛੇਵੇ ਸਥਾਨ ਤੇ ਦੂਲਾ ਸਿੰਘ ਮਾਸਟਰ ਨੂੰ 500 ਰੁਪਏ ਨਗਦ ਇਨਾਮ ਵੱਜੋ ਦਿੱਤੇ ਗਏ। ਜਿਕਰਯੋਗ ਹੈ ਕੇ ਸੱਭ ਤੋਂ 3000 ਹਜਾਰ ਦੇ ਇਨਾਮ ਵਾਲੇ ਅਤੇ ਸਭ ਤੋਂ ਘੱਟ 500 ਦੇ ਇਨਾਮ ਵਾਲੇ ਦੇ ਚੇਹਰਿਆ ਤੇ ਇੱਕੋ ਜਿਹੀ ਮੁਸਕਾਰਟ ਅਤੇ ਖੁਸੀ ਸੀ ਇਨਾਮ ਹਾਸਲ ਕਰਨ ਵਾਲਿਆ ਨੇ ਜਿੱਥੇ ਪੱਟਾ ਤੇ ਥਾਪੀ ਮਾਰੀ ਉਥੇ ਭੰਗੜੇ ਪਾ ਕੇ ਖੁਸੀ ਦਾ ਵੀ ਇਜਹਾਰ ਕੀਤਾ। ਚਰਚਾ ਚੱਲ ਰਹੀ ਹੈ ਕੇ ਕੁੱਝ ਉਹ ਲੋਕ ਨੇ ਜੋ ਕਬਰਾ ਤੇ ਮੇਲੇ ਕਰਵਾ ਕੇ ਗਾਉਣ ਵਾਲੇ ਕਲਾਕਾਰਾ ਤੇ ਲੱਖਾ ਰੁਪਏ ਉਜਾੜ ਰਹੇ ਹਨ ਜਿਥੇ ਗਰੀਬ ਨੂੰ ਸਿਵਾਏ ਮੇਲਾ ਵੇਖਣ ਤੋਂ ਇਲਾਵਾ ਕੁੱਝ ਨਹੀ ਮਿਲਦਾ ਲੋੜ ਹੈ ਅਜਿਹੇ ਮੁਕਾਬਲੇ ਕਰਵਾ ਕੇ ਗਰੀਬ ਨੂੰ ਇਨਾਮ ਦੇ ਕੇ ਹੋਸਲਾ ਅਫਜ਼ਾਈ ਕੀਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਮੀਤ ਸਿੰਘ ਮਿੱਤਰ, ਡਾ.ਸਤਨਾਮ ਸਿੰਘ ਬੁਲਾਰਾ,ਸੁਖਚਰਨਜੀਤ ਸਿੰਘ ਚੰਨਾ, ਹਰਜੀਤ ਸਿੰਘ ਨਵਾਂ ਤਨੇਲ, ਦਿਲਬਾਗ ਸਿੰਘ ਪ੍ਰਧਾਨ ਬਾਲਮੀਕ ਸਮਾਜ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਅੱਜ 26 ਜੁਲਾਈ ਜਨਮਦਿਨ 'ਤੇ ਵਿਸ਼ੇਸ਼

# ਬੁੱਧੀਜੀਵੀ ਸਿੱਖ ਆਗੂ ਪ੍ਰਿੰ. ਬਾਵਾ ਹਰਕਿਸ਼ਨ ਸਿੰਘ ਨੂੰ ਯਾਦ ਕਰਦਿਆਂ



-ਭਗਵਾਨ ਸਿੰਘ ਜੌਹਲ
bhagwansinghjohal@gmail.com
Mob :- (+91)- 98143-24040

**20ਵੀਂ ਸਦੀ** ਦੇ ਪਹਿਲੇ ਅੱਧ ਵਿੱਚ ਜਿਥੇ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਚਲ ਰਿਹਾ ਸੀ, ਇਸ ਨਾਲ ਪੰਜਾਬ ਦੀ ਧਰਤੀ 'ਤੇ ਗੁਰਦੁਆਰਾ ਸੁਧਾਰ ਲਹਿਰ ਵੀ ਸਿਖ਼ਰਾਂ ਨੂੰ ਛੋਹ ਰਹੀ ਸੀ । ਪੰਜਾਬ ਦੀ ਧਰਤੀ 'ਤੇ ਵਸਣ ਲੋਕ ਸਿੱਖਿਆ ਦੇ ਖੇਤਰ ਵਿੱਚ ਵੀ ਬਹੁਤ ਪਛੜੇ ਹੋਏ ਸਨ । ਸਿੱਖਾਂ ਅਤੇ ਦੂਸਰੀਆਂ ਕੌਮਾਂ ਵਿੱਚ ਬੁੱਧੀਜੀਵੀ ਆਗੂਆਂ ਦੀ ਘਾਟ ਵਜੋਂ ਬੱਚਿਆਂ ਦਾ ਭਵਿੱਖ ਵੀ ਧੁੰਦਲਾ ਨਜ਼ਰ ਆਏ ਰਿਹਾ ਸੀ । ਪਹਿਲੀ ਸੰਸਾਰ ਜੰਗ ਅਤੇ ਦੂਜੀ ਸੰਸਾਰ ਜੰਗ ਦਾ ਅਸਰ ਪੰਜਾਬ ਉਪਰ ਵੀ ਨਜ਼ਰ ਆ ਰਿਹਾ ਸੀ ਸਿੱਖਾਂ ਵਿੱਚ ਬੁੱਧੀਜੀਵੀ ਸਿੱਖ ਆਗੂ ਵੀ ਉਂਗਲਾ 'ਤੇ ਗਿਣਨ ਯੋਗ ਹੀ ਸਨ । ਉਸੇ ਸਮੇਂ ਦੇ ਸਿੱਖ ਆਗੂਆਂ ਵਿੱਚੋਂ ਪ੍ਰਿੰਸੀਪਲ ਹਰਕਿਸ਼ਨ ਸਿੰਘ ਅਜਿਹੇ ਸਿੱਖਿਆ ਸ਼ਾਸਤਰੀ ਸਨ, ਜਿੰਨ੍ਹਾ ਨੂੰ ਉਸ ਸਮੇਂ ਦੇ ਸਿਆਣੇ ਲੋਕ ਅਥਾਹ ਪਿਆਰ ਕਰਦੇ ਸਨ । ਲਹਿੰਦੇ ਪੰਜਾਬ ਦੇ ਬਾਵਾ ਪਰਿਵਾਰ ਵਿੱਚ ਸ: ਦਸੌਂਧਾ ਸਿੰਘ ਬਾਵਾ ਦੇ ਘਰ ਡੇਰਾ ਇਸਮਾਈਲ ਖਾਨ ਵਿੱਚ 26 ਜੁਲਾਈ 1892 ਈ. ਵਿੱਚ ਬਾਵਾ ਹਰਕਿਸ਼ਨ ਸਿੰਘ ਦਾ ਜਨਮ ਹੋਇਆ । ਬਾਵਾ ਹਰਕਿਸ਼ਨ ਸਿੰਘ ਨੇ 1912 ਈ. ਵਿੱਚ ਕ੍ਰਿਸ਼ਚੀਅਨ ਕਾਲਜ ਲਾਹੌਰ 'ਤੋ ਐਮ.ਏ ( ਅੰਗਰੇਜ਼ੀ ) ਦੀ ਪ੍ਰੀਖਿਆ ਪਾਸ ਕੀਤੀ । ਇਸ ਤੋਂ ਪਿਛੋਂ ਜਲਦ ਹੀ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਅੰਗਰੇਜ਼ੀ ਦੇ ਪ੍ਰੋਫੈਸਰ ਵਜੋਂ ਸੇਵਾ ਅਰੰਭ ਕੀਤੀ । ਇਸ ਤੋਂ ਥੋੜਾ ਸਮਾਂ ਬਾਅਦ ਗੁਰੂ ਨਾਨਕ ਕਾਲਜ ਗੁਜਰਾਂਵਾਲਾ ਵਿਖੇ ਨਿਯੁਕਤੀ ਹੋ ਗਈ । ਇਥੇ ਇੰਨ੍ਹਾਂ ਨੇ ਕਾਲਜ ਦੇ ਪ੍ਰਿੰਸੀਪਲ ਦੀ ਜ਼ਿੰਮੇਵਾਰੀ ਬੜੀ ਤੰਨਦੇਹੀ ਨਾਲ ਨਿਭਾਈ । ਜ਼ਿਲ੍ਹਾ ਗੁਰਦਾਸਪੁਰ ਅਤੇ ਪੰਜਾਬ ਦੇ ਵੱਖ-ਵੱਖ ਕਾਲਜਾਂ ਵਿੱਚ ਸੇਵਾ ਕਰਦਿਆਂ ਸਿੱਖਿਆ ਦੇ ਖੇਤਰ ਵਿੱਚ ਕਾਰਜਸ਼ੀਲ ਲੋਕਾਂ ਨਾਲ ਬਤੌਰ ਬੁੱਧੀਜੀਵੀ ਉਨ੍ਹਾਂ ਨਾਲ ਰਾਜਨੀਤਿਕ ਹਾਲਾਤਾਂ 'ਤੇ ਚਰਚਾ ਕਰਕੇ ਸਿੱਖਾਂ ਦੇ ਭਵਿੱਖ ਬਾਰੇ ਆਪਣੀ ਰਾਏ ਬਣਾਉਂਦੇ ਸਨ । ਪ੍ਰਿੰਸੀਪਲ ਵਜੋਂ ਲੰਬੀ ਸੇਵਾ ਨਿਭਾਉਂਦਿਆਂ ਨਾਲ-ਨਾਲ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਵੀ ਵੱਡਾ ਯੋਗਦਾਨ ਪਾਇਆ ਅਤੇ ਬਿੰਨਾ ਕਿਸੇ ਚੌਧਰ ਦੇ ਲਾਲਚ ਇੱਕ ਅਗਾਂਹਵਧੂ ਆਗੂ ਵਾਂਗ ਵਿਚਰੇ । ਉਨ੍ਹਾਂ ਦੀਆਂ ਸੇਵਾਵਾਂ ਦੀ ਚਰਚਾ ਸਿੱਖਾਂ ਦੇ ਹਰ ਇਕੱਠ ਵਿੱਚ ਹੁੰਦੀ ਸੀ । ਇਸੇ ਦੌਰ ਦੇ ਦਰਮਿਆਨ ਗੁਰਦੁਆਰਾ ਸੁਧਾਰ ਲਹਿਰ ਥਾ-ਪੁਰ-ਥਾਂ ਸੰਘਰਸ਼, ਮੋਰਚੇ ਤੇ ਸਿੱਖ ਸ਼ਹੀਦੀ ਜਾਮ ਪੀ ਰਹੇ ਸਨ । ਇਸ ਦੌਰਾਨ ਪ੍ਰਿੰਸੀਪਲ ਹਰਕਿਸ਼ਨ ਸਿੰਘ ਨੇ ਹਮੇਸ਼ਾ ਉਸਾਰੂ ਭੂਮਿਕਾ ਨਿਭਾਈ। ਉਨ੍ਹਾਂ ਹਮੇਸ਼ ਖਿੜੇ ਮੱਥੇ ਕੌਮੀ ਫਰਜ਼ ਸਮਝਦਿਆਂ ਸਿਧਾਂਤਕ ਤੇ ਉਸਾਰੂ ਵਿਚਾਰ ਦਿੱਤੇ । 1922 ਈ. ਵਿੱਚ ਗੁਰੂ ਦੇ ਕੇ ਬਾਗ ਦੇ ਮੋਰਚੇ ਵਿੱਚ ਵੀ ਭਰਪੂਰ ਯੋਗਦਾਨ ਦਿੱਤਾ । ਆਪ ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਵਜੋਂ ਮਹਾਰਾਜਾ ਰਿਪੁਦਮਨ ਸਿੰਘ ਨੂੰ ਨਾਭਾ ਰਿਆਸਤ ਦੀ ਰਾਜ-ਗੱਦੀ ਨੂੰ ਬਹਾਲ ਕਰਨ ਲਈ ਚਲ ਰਹੀ ਜੱਦੋ ਜਹਿਦ ਵਿੱਚ ਹਿੱਸਾ ਲੈਣ ਵਾਲੇ ਲਈ ਚਲ ਰਹੇ ਸੰਘਰਸ਼ ਦੇ ਮੋਢੀ ਆਗੂਆਂ ਵਿਚੋਂ ਸਨ । ਇਸੇ ਸਬੰਧ ਵਿੱਚ ਅੰਗ੍ਰੇਜ ਹਕੂਮਤ ਨੇ 13 ਅਕਤੂਬਰ 1923 ਈ. ਵਿੱਚ ਆਪ ਨੂੰ ਗ੍ਰਿਫਤਾਰ ਕਰ ਲਿਆ ਸੀ । 1927 ਈ. ਵਿੱਚ ਆਪ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਾਇਮ ਕੀਤੀ ਰਹਿਤ ਮਰਿਆਦਾ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ । ਇਸ ਸੇਵਾ ਨੂੰ ਵੀ ਉਨ੍ਹਾਂ ਗੁਰਮਤਿ ਸਿਧਾਂਤਾ 'ਤੇ ਪਹਿਰਾ ਦਿੰਦਿਆਂ ਬਾਖੂਬੀ ਨਿਭਾਇਆ ।

1925 ਈ. ਵਿੱਚ ਜਦੋਂ ਗੁਰਦੁਆਰਾ ਐਕਟ ਬਨਾਉਣ ਸਮੇਂ ਸਿੱਖ ਆਗੂ ਦੋ ਹਿੱਸਿਆਂ ਵਿੱਚ ਵੰਡੇ ਗਏ ਤਾਂ ਪ੍ਰਿੰ. ਹਰਕਿਸ਼ਨ ਸਿੰਘ ਨੇ ਨਿਰਪੱਖ ਤੇ ਉਸਾਰੂ ਵਿਚਾਰ ਦੇ ਕੇ ਸਮਝੌਤਾ ਕਰਵਾਉਣ ਲਈ ਵੀ ਯਤਨ ਕੀਤੇ । ਇਸ ਉਦੇਸ਼ ਦੀ ਪੂਰਤੀ ਲਈ ਉਨ੍ਹਾਂ ਹੋਰ ਸਿੱਖ ਨੇਤਾਵਾਂ ਨਾਲ ਮਿਲ ਕੇਦਸੰਬਰ 1933 ਵਿੱਚ ਗੁਰੂ ਸੇਵਕ ਸਭਾ ਵੀ ਬਣਾਈ । 1955 ਈ. ਵਿੱਚ ਪੰਜਾਬੀ ਸੂਬੇ ਦੇ ਮੋਰਚੇ ਦੇ ਸਮੇਂ ਬਾਵਾ ਹਰਕਿਸ਼ਨ ਸਿੰਘ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ ਗਿਆ । ਜਦੋਂ ਪੰਜਾਬੀ ਸੂਬਾ ਮੋਰਚੇ ਦੇ ਦੌਰਾਨ ਮਾਸਟਰ ਤਾਰਾ ਸਿੰਘ ਗ੍ਰਿਫਤਾਰ ਕੀਤਾ ਗਿਆ ਤਾਂ ਬਾਵਾ ਹਰਕਿਸ਼ਨ ਸਿੰਘ ਨੂੰ ਪ੍ਰਧਾਨ ਸ਼੍ਰੋਮਣੀ ਕਮੇਟੀ ਵਜੋਂ ਵੀ ਫ਼ਰਜ਼ ਨਿਭਾਉਣੇ ਪਏ । ਜਦੋਂ ਮਾਸਟਰ ਤਾਰਾ ਸਿੰਘ ਨੂੰ ਰਿਹਾਅ ਕੀਤਾ ਗਿਆ ਤਾਂ ਇੰਨ੍ਹਾਂ ਅਹੁਦਾ ਛੱਡ ਕੇ ਮੁੜ ਸਿੱਖ ਬੁੱਧੀਜੀਵੀ ਵਜੋਂ ਆਪਣੀ ਡਿਊਟੀ ਨਿਭਾਉਣੀ ਸ਼ੁਰੂ ਕਰ ਦਿੱਤੀ । ਇਸ ਤੋਂ ਪਿੱਛੋਂ ਕਈ ਵਾਰ ਇੰਨ੍ਹਾਂ ਨੂੰ ਕਈ ਕਮੇਟੀਆਂ, ਕਮਿਸ਼ਨਾਂ ਵਿੱਚ ਮੈਂਬਰ ਵਜੋਂ ਕਾਰਜਸ਼ੀਲ ਰਹਿਣ ਲਈ ਹੁਕਮ ਮਿਲਦੇ ਰਹੇ ਪਰ ਪ੍ਰਿੰਸੀਪਲ ਬਾਵਾ ਹਰਕਿਸ਼ਨ ਸਿੰਘ ਨੇ ਹਮੇਸ਼ਾ ਪਰਦੇ ਪਿੱਛੇ ਰਹਿੰਦਿਆਂ ਤੇ ਆਪਣੀ ਕੀਮਤੀ ਰਾਏ ਦਿੰਦਿਆਂ ਪੰਥ ਦੀ ਚੜ੍ਹਦੀ ਕਲਾ ਲਈ ਕੰਮ ਕਰਨ ਨੂੰ ਤਰਜੀਹ ਦਿੱਤੀ ।

ਆਵਾਜ਼ਿ ਕੌਮ AWAZE QAUM International Newspaper & WEB TV

ਪ੍ਰਿੰਸੀਪਲ ਬਾਵਾ ਹਰਕਿਸ਼ਨ ਸਿੰਘ ਨੇ ਗੁਰਬਾਣੀ ਅਤੇ ਗੁਰਮਤਿ ਸਿਧਾਂਤਾ ਲਈ ਇਕ ਨਿਸ਼ਠਾਵਾਨ ਵੱਜੋਂ ਵੱਡੇ ਕਾਰਜ ਕੀਤੇ । ਉਨ੍ਹਾਂ ਵੱਲੋਂ ਬਣਾਈ ਗੁਰ ਸੇਵਕ ਸਭਾ ਦੀ ਅਗਵਾਈ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਚਾਰ ਜਿਲਦਾਂ ਵਿੱਚ ਸ਼ਬਦਾਰਥ ਤਿਆਰ ਕਰਨ ਲਈ ਜਿੰਨ੍ਹਾਂ ਤਿੰਨ ਵਿਦਵਾਨਾਂ ਦੀ ਅਗਵਾਈ ਵਿੱਚ ਪ੍ਰੋਜੈਕਟ ਉਲੀਕਿਆ ਸੀ, ਉਹ 1941 ਵਿੱਚ ਮੁਕੰਮਲ ਕੀਤਾ ਗਿਆ । ਇਨ੍ਹਾਂ ਤਿੰਨ ਵਿਦਵਾਨਾਂ ਵਿੱਚ ਪ੍ਰਿੰਸੀਪਲ ਹਰਕਿਸ਼ਨ ਸਿੰਘ ਤੋਂ ਇਲਾਵਾ ਪ੍ਰੋ. ਤੇਜਾ ਸਿੰਘ ਅਤੇ ਪ੍ਰੋ. ਨਰਾਇਣ ਸਿੰਘ ਸ਼ਾਮਲ ਸਨ । ਇਸ ਮਹਾਨ ਕਾਰਜ ਨੂੰ ਪ੍ਰਮਾਣਿਕ ਕਾਰਜ ਸਮਝਿਆ ਜਾਂਦਾ ਹੈ । ਪ੍ਰਿੰਸੀਪਲ ਬਾਵਾ ਹਰਕਿਸ਼ਨ ਸਿੰਘ 86 ਵਰ੍ਹਿਆਂ ਦੀ ਉਮਰ ਭੋਗ ਕੇ 20 ਅਗਸਤ 1948 ਈ. ਵਿੱਚ ਦਿੱਲੀ ਦੇ ਮਿਲਟਰੀ ਹਸਪਤਾਲ ਵਿੱਚ ਗੁਰੂ ਚਰਨਾਂ 'ਚ ਜਾ ਬਿਰਾਜੇ । ਅਜਿਹੇ ਨਿਸ਼ਕਾਮ ਬੁੱਧੀਜੀਵੀ ਸਿੱਖ ਆਗੂ ਨੂੰ ਅੱਜ ਵੀ ਪ੍ਰੇਰਨਾ ਸ੍ਰੋਤ ਵਜੋਂ ਯਾਦ ਕੀਤਾ ਜਾਂਦਾ ਹੈ। ••

### ਸੀ.ਆਈ.ਆਈ ਦੇ ਹੈਲਥ ਕੇਅਰ ਸੰਮੇਲਨ 'ਚ ਕੀਤੀ ਸ਼ਿਰਕਤ

# ਆਮ ਆਦਮੀ ਕਲੀਨਿਕਾਂ ਦੀ ਸਫਲਤਾ ਤੋਂ ਬਾਅਦ ਪੰਜਾਬ ਸਰਕਾਰ ਦੂਜੇ ਪੱਧਰ ਦੀਆਂ ਸਿਹਤ ਸਹੂਲਤਾਂ ਨੂੰ ਹੋਰ ਮਜ਼ਬੂਤ ਕਰਨ ਲਈ ਯਤਨਸ਼ੀਲ - ਡਾ. ਬਲਬੀਰ ਸਿੰਘ




**ਨਵੀਂ ਦਿੱਲੀ, ਜੁਲਾਈ 25 (ਮਨਪ੍ਰੀਤ ਸਿੰਘ ਖਾਲਸਾ):**-ਆਮ ਆਦਮੀ ਕਲੀਨਿਕਾਂ ਨੂੰ ਸੂਬੇ ਦੇ ਲੋਕਾਂ ਨੂੰ ਬੁਨਿਆਦੀ ਸਿਹਤ ਸਹੂਲਤਾਂ ਦੇ ਖੇਤਰ ਵਿਚ ਉਸਾਰੂ ਤਬਦੀਲੀ ਲਿਆਉਣ ਦਾ ਵਾਹਕ ਕਰਾਰ ਦਿੰਦਿਆਂ ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ, ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਇਹਨਾਂ ਕਲੀਨਿਕਾਂ ਦੀ ਕਾਮਯਾਬੀ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਟਰਸ਼ਰੀ ਅਤੇ ਦੂਜੇ ਪੱਧਰ ਦੀਆਂ ਸਿਹਤ ਸੁਵਿਧਾਵਾਂ ਨੂੰ ਹੋਰ ਮਜ਼ਬੂਤ ਕਰਨ ਤੇ ਪੂਰਾ ਧਿਆਨ ਕੇਂਦਰਿਤ ਕਰ ਰਹੀ ਹੈ।

ਸੀ.ਆਈ.ਆਈ ਵੱਲੋਂ ਗੁਰੂਗਰਾਮ ਵਿਖੇ ਕਰਵਾਏ ਗਏ ਉੱਤਰੀ ਭਾਰਤ ਹੈਲਥਕੇਅਰ ਸੰਮੇਲਨ ਦੇ ਛੇਵੇਂ ਐਡੀਸ਼ਨ ਨੂੰ ਸੰਬੋਧਨ ਕਰਦਿਆਂ ਸਿਹਤ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਅੰਦਰ ਸਥਾਪਿਤ 842 ਆਮ ਆਦਮੀ ਕਲੀਨਿਕਾਂ ਵਿਖੇ ਹੁਣ ਤੱਕ 1.79 ਕਰੋੜ ਨਾਗਰਿਕ ਇਲਾਜ ਅਤੇ ਓ.ਪੀ.ਡੀ ਸੇਵਾਵਾਂ ਪ੍ਰਾਪਤ ਕਰ ਚੁੱਕੇ ਹਨ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬੁਨਿਆਦੀ ਸਿਹਤ ਸੇਵਾਵਾਂ ਨੂੰ ਡਿਜੀਟਲ ਕਰ ਦਿੱਤਾ ਗਿਆ ਹੈ। ਉਹਨਾਂ ਕਿਹਾ ਕਿ ਬਰਸਾਤੀ ਮੌਸਮ ਅਤੇ ਲਾਗ ਦੀਆਂ ਬਿਮਾਰੀਆਂ ਬਾਰੇ ਹੁਣ ਪੰਜਾਬ ਦੇ ਦੂਰ ਦੁਰਾਡੇ ਦੇ ਪੇਂਡੂ ਖੇਤਰਾਂ ਦੇ ਅੰਕੜੇ ਵੀ ਬਿਨਾ ਦੇਰੀ ਪ੍ਰਾਪਤ ਹੋ ਰਹੇ ਹਨ ਜਿਸ ਸਦਕਾ ਇਲਾਜ ਪ੍ਰਬੰਧਾਂ ਦੀ ਨਿਗਰਾਨੀ ਅਤੇ ਢੁੱਕਵੇਂ ਕਦਮ ਚੁੱਕਣੇ ਆਸਾਨ ਹੋ ਗਏ ਹਨ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਹੁਣ ਟਰਸ਼ਰੀ ਸੈਕਟਰ ਅਤੇ ਹੋਰ ਸੇਵਾਵਾਂ ਨੂੰ ਹੋਰ ਮਜ਼ਬੂਤ ਅਤੇ ਵਿਕਸਿਤ ਕਰਨ ਲਈ ਖਾਕਾ ਤਿਆਰ ਕਰ ਰਹੀ ਹੈ। ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿਚ ਸ਼ੁਰੂ ਕੀਤੀ ਗਈ ਫ਼ਰਿਸ਼ਤੇ ਸਕੀਮ ਅਤੇ ਸੜਕ ਸੁਰੱਖਿਆ ਫ਼ੋਰਸ ਵੱਲੋਂ ਸੜਕ ਹਾਦਸਿਆਂ 'ਚ ਲੋਕਾਂ ਦੀਆਂ ਕੀਮਤੀ ਜਾਨਾਂ ਬਚਾਉਣ ਲਈ ਪਾਏ ਜਾ ਰਹੇ ਯੋਗਦਾਨ ਦਾ ਜ਼ਿਕਰ ਕਰਦਿਆਂ ਪੰਜਾਬ ਦੇ ਸਿਹਤ ਮੰਤਰੀ ਨੇ ਕਿਹਾ ਕਿ ਇਹਨਾਂ ਸਦਕਾ ਸੜਕ ਹਾਦਸਿਆਂ 'ਚ ਹੋਣ ਵਾਲੀਆਂ ਮੌਤਾਂ ਦੀ ਦਰ ਵਿਚ 26 ਫ਼ੀਸਦ ਕਮੀ ਆਈ ਹੈ। ਉਨ੍ਹਾਂ ਨਿੱਜੀ ਅਤੇ ਕਾਰਪੋਰੇਟ ਹੈਲਥ ਕੇਅਰ ਖੇਤਰ ਦੇ ਮਾਹਿਰਾਂ ਨੂੰ ਸੱਦਾ ਦਿੱਤਾ ਕਿ ਉਹ ਆਪਣੇ ਪੇਸ਼ੇਵਰ ਰੁਝੇਵਿਆਂ ਵਿੱਚੋਂ ਕੁਝ ਸਮਾਂ ਉਹਨਾਂ ਲੋਕਾਂ ਨੂੰ ਮੁਫਤ ਸਿਹਤ ਸੇਵਾਵਾਂ ਦੇਣ ਦੇ ਲੇਖੇ ਲਾਉਣ ਜਿਨ੍ਹਾਂ ਨੂੰ ਇਹਨਾਂ ਸੇਵਾਵਾਂ ਦੀ ਬਹੁਤ ਜ਼ਰੂਰਤ ਹੈ। ਉਹਨਾਂ ਇਸ ਗੱਲ ਤੇ ਵੀ ਜ਼ੋਰ ਦਿੱਤਾ ਕਿ ਸਮਾਜ ਦਾ ਹਰ ਮੈਂਬਰ ਵਾਤਾਵਰਣ ਬਚਾਉਣ ਲਈ ਆਪਣਾ ਯੋਗਦਾਨ ਪਾਵੇ ਕਿਉਂਕਿ ਸੇਹਤਮੰਦ ਵਾਤਾਵਰਣ ਤੋਂ ਬਿਨਾ ਸੇਹਤਮੰਦ ਸਮਾਜ ਦੀ ਕਲਪਨਾ ਨਹੀ ਕੀਤੀ ਜਾ ਸਕਦੀ। ਇਸ ਮੌਕੇ ਡਾ. ਧਰਮਿੰਦਰ ਨਾਗਰ, ਸ਼੍ਰੀਮਈ ਚੱਕਰਵਰਤੀ, ਡਾਇਰੈਕਟਰ ਏ.ਬੀ.ਡੀ ਐਮ ਵਿਕਰਮ ਪਗਾਰੀਆ , ਐਮ.ਡੀ ਐਨ.ਆਈ.ਸੀ.ਐਸ ਡਾ. ਆਰ.ਕੇ. ਮਿਸ਼ਰਾ, ਡਾ. ਭੁਪਿੰਦਰਪਾਲ ਕੌਰ ਅਤੇ ਡਾ. ਰੁਪਿੰਦਰਜੀਤ ਸੈਣੀ ਵੀ ਹਾਜ਼ਰ ਸਨ।

# ਵਿਦੇਸ਼ੀ ਸਿੱਖਾਂ ਲਈ ਪਾਕਿਸਤਾਨ ਸਰਕਾਰ ਦੀ ਆਨ ਅਰਾਇਵਲ ਵੀਜ਼ਾ ਸਕੀਮ ਸ਼ਲਾਘਾਯੋਗ , ਭਾਰਤੀ ਸਿੱਖਾਂ ਨੂੰ ਵੀ ਮਿਲੇ ਇਸਦਾ ਲਾਭ : ਸਰਨਾ



ਨਵੀਂ ਦਿੱਲੀ, 25 ਜੁਲਾਈ (ਮਨਪ੍ਰੀਤ ਸਿੰਘ ਖਾਲਸਾ):- ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਸ੍ਰੀ ਨਨਕਾਣਾ ਸਾਹਿਬ ਅਤੇ ਪਾਕਿਸਤਾਨ ਦੇ ਹੋਰ ਇਤਿਹਾਸਕ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਵਾਲੇ ਪ੍ਰਵਾਸੀ ਭਾਰਤੀ ਸਿੱਖਾਂ ਨੂੰ ਵੀਜ਼ਾ ਦੇਣ ਦੇ ਪਾਕਿਸਤਾਨ ਦੇ ਫੈਸਲੇ ਦੀ ਸ਼ਲਾਘਾ ਕੀਤੀ ਹੈ। ਸ. ਸਰਨਾ, ਜੋ ਇਸ ਪਹਿਲਕਦਮੀ ਦੇ ਸਭ ਤੋਂ ਵੱਡੇ ਹਾਮੀ ਹਨ, ਨੇ ਉਮੀਦ ਪ੍ਰਗਟਾਈ ਕਿ ਪਾਕਿਸਤਾਨ ਭਾਰਤ ਵਿੱਚ ਸਿੱਖਾਂ ਨੂੰ ਵੀ ਇਹੀ ਸਹੂਲਤ ਦੇਵੇਗਾ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਤਰਫੋਂ ਸਰਨਾ ਨੇ ਇਸ ਕਦਮ ਲਈ ਪਾਕਿਸਤਾਨ ਸਰਕਾਰ ਅਤੇ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਦਾ ਧੰਨਵਾਦ ਕੀਤਾ। ਸ ਸਰਨਾ ਨੇ ਕਿਹਾ ਕਿ "ਸ੍ਰੀ ਨਨਕਾਣਾ ਸਾਹਿਬ ਆਉਣ ਵਾਲੇ ਸਿੱਖਾਂ ਲਈ ਵੀਜ਼ਾ ਆਨ ਅਰਾਈਵਲ ਪ੍ਰਾਪਤ ਕਰਨ ਦੇ ਸਾਡੇ ਯਤਨਾਂ ਨੂੰ ਮਹੱਤਵਪੂਰਨ ਸਫਲਤਾ ਮਿਲੀ ਹੈ। ਅਸੀਂ ਆਸਵੰਦ ਹਾਂ ਕਿ ਪਾਕਿਸਤਾਨ ਦੇ ਸਾਰੇ ਗੁਰਦੁਆਰਿਆਂ ਨੂੰ ਇਸ ਸੇਵਾ ਨਾਲ ਜੋੜਦੇ ਹੋਏ ਇਹ ਸਹੂਲਤ ਜਲਦੀ ਹੀ ਸਿੱਖਾਂ ਲਈ ਉਪਲਬਧ ਹੋਵੇਗੀ, । ਉਨ੍ਹਾਂ ਨੇ ਕਿਹਾ ਕਿ ਪਾਕਿਸਤਾਨ ਹਾਈ ਕਮਿਸ਼ਨ ਨੇ ਸੀਨੀਅਰ ਨਾਗਰਿਕਾਂ ਦੀ ਅਗਵਾਈ ਵਾਲੇ ਸਿੱਖ ਸ਼ਰਧਾਲੂਆਂ ਲਈ ਪਰਿਵਾਰਕ ਵੀਜ਼ਾ ਨਿਯਮਾਂ ਨੂੰ ਵੀ ਸੌਖਾ ਕਰ ਦਿੱਤਾ ਹੈ। ਸਰਨਾ ਨੇ ਅੱਗੇ ਕਿਹਾ, "ਅਸੀਂ ਪਾਕਿਸਤਾਨ ਸਰਕਾਰ ਨੂੰ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਲਈ ਪਾਸਪੋਰਟ ਦੀ ਸ਼ਰਤ ਵਿੱਚ ਢਿੱਲ ਦੇਣ ਦੀ ਅਪੀਲ ਕਰਦੇ ਹਾਂ, ਇਸ ਦੀ ਬਜਾਏ ਉਨ੍ਹਾਂ ਨੂੰ ਆਧਾਰ ਕਾਰਡ ਦੀ ਵਰਤੋਂ ਕਰਨ ਦੀ ਇਜਾਜ਼ਤ ਦਿੱਤੀ ਜਾਵੇ।"

# ਦਿੱਲੀ ਦੇ ਇਤਿਹਾਸਕ ਗੁਰਦੁਆਰਿਆਂ 'ਚ ਬਾਲਾ ਪ੍ਰੀਤਮ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ 'ਤੇ ਸਜਣਗੇ ਵਿਸ਼ੇਸ਼ ਦੀਵਾਨ: ਜਸਪ੍ਰੀਤ ਸਿੰਘ ਕਰਮਸਰ

## 28 ਜੁਲਾਈ ਨੂੰ ਗੁਰਦੁਆਰਾ ਰਕਾਬ ਗੰਜ ਸਾਹਿਬ 'ਚ ਹੋਵੇਗਾ ਅੰਮ੍ਰਿਤ ਸੰਚਾਰ



ਨਵੀਂ ਦਿੱਲੀ 25 ਜੁਲਾਈ (ਮਨਪ੍ਰੀਤ ਸਿੰਘ ਖਾਲਸਾ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਦੇ ਚੇਅਰਮੈਨ ਜਸਪ੍ਰੀਤ ਸਿੰਘ ਕਰਮਸਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅੱਠਵੇਂ ਗੁਰੂ ਨਾਨਕ ਜੋਤਿ ਬਾਲਾ ਪ੍ਰੀਤਮ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਜਿਨ੍ਹਾਂ ਨੇ ਦਿੱਲੀ ਦੇ ਗੁਰਦੁਆਰਾ ਬੰਗਲਾ ਸਾਹਿਬ ਵਿੱਚ ਜਿੱਥੇ ਰਾਜਾ ਜੈ ਸਿੰਘ ਦਾ ਬੰਗਲਾ ਹੋਇਆ ਕਰਦਾ ਸੀ ਉੱਥੇ ਬੈਠ ਕੇ ਦਿੱਲੀ ਵਿੱਚ ਫੈਲੀ ਚੇਚਕ ਦੀ ਮਹਾਂਮਾਰੀ ਤੋਂ ਲੋਕਾਂ ਨੂੰ ਨਿਜਾਤ ਦਿਲਾਈ, ਉਸੇ ਸਥਾਨ 'ਤੇ ਅੱਜ ਗੁਰਦੁਆਰਾ ਬੰਗਲਾ ਸਾਹਿਬ ਸੁਸ਼ੋਭਿਤ ਹੈ ਜਿੱਥੇ ਲੱਖਾਂ ਸ਼ਰਧਾਲੂ ਨਤਮਸਕਾਰ ਹੋਕੇ ਆਪਣੇ ਦੁੱਖ ਦੂਰ ਕਰਦੇ ਹਨ। ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਪ੍ਰਕਾਸ਼ ਪੁਰਬ 28 ਜੁਲਾਈ ਨੂੰ ਆ ਰਿਹਾ ਹੈ ਜਿਸ ਦੇ ਸਬੰਧ ਵਿੱਚ ਦਿੱਲੀ ਦੇ ਸਾਰੇ ਇਤਿਹਾਸਕ ਗੁਰਦੁਆਰਿਆਂ ਵਿੱਚ ਕੀਰਤਨ ਸਮਾਗਮ ਦੇ ਪ੍ਰੋਗਰਾਮ ਰੱਖੇ ਗਏ ਹਨ। ਵਿਸ਼ੇਸ਼ ਦੀਵਾਨ ਗੁਰਦੁਆਰਾ ਰਕਾਬ ਗੰਜ ਸਾਹਿਬ ਦੇ ਲੱਖੀਸ਼ਾਹ ਵੰਜਾਰਾ ਹਾਲ ਵਿੱਚ ਕੀਤਾ ਜਾਵੇਗਾ ਜਿਸ ਵਿੱਚ ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਮਹਾਂਸਚਿਵ ਜਗਦੀਪ ਸਿੰਘ ਕਾਹਲੋ ਵੱਲੋਂ ਪੰਥਕ ਵਿਚਾਰ ਵੀ ਸੰਗਤ ਨਾਲ ਕੀਤੇ ਜਾਣਗੇ।

ਸ੍ਰੀ ਜਸਪ੍ਰੀਤ ਸਿੰਘ ਕਰਮਸਰ ਨੇ ਦੱਸਿਆ ਕਿ ਗੁਰਦੁਆਰਾ ਸ਼ੀਸ਼ ਗੰਜ ਸਾਹਿਬ, ਗੁਰਦੁਆਰਾ ਮੋਤੀ ਬਾਗ, ਗੁਰਦੁਆਰਾ ਨਾਨਕ ਪਿਆਉ, ਗੁਰਦੁਆਰਾ ਬਾਲਾ ਸਾਹਿਬ ਸਮੇਤ ਹੋਰ ਸਾਰੇ ਇਤਿਹਾਸਕ ਗੁਰਦੁਆਰਿਆਂ ਵਿੱਚ ਵਿਸ਼ੇਸ਼ ਦੀਵਾਨ ਸਜੇ ਜਾਣਗੇ ਜਿਸ ਵਿੱਚ ਪੰਥ ਪ੍ਰਸਿੱਧ ਕੀਰਤਨੀ ਜੱਥੇ ਗੁਰਬਾਣੀ ਕੀਰਤਨ ਸੰਗਤ ਨੂੰ ਸ੍ਰਵਣ ਕਰਵਾਏ ਜਾਣਗੇ। ਕਥਾ ਵਾਚਕਾਂ ਵੱਲੋਂ ਗੁਰੂ ਸਾਹਿਬ ਦੇ ਜੀਵਨ ਇਤਿਹਾਸ ਦੀ ਕਥਾ ਕੀਤੀ ਜਾਵੇਗੀ। ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ ਬੱਚਿਆਂ ਵੱਲੋਂ ਵਿਸ਼ੇਸ਼ ਤੌਰ 'ਤੇ ਭਾਗ ਲੈ ਕੇ ਕੀਰਤਨ ਕੀਤਾ ਜਾਵੇਗਾ। 28 ਜੁਲਾਈ ਨੂੰ ਸਵੇਰੇ ਗੁਰਦੁਆਰਾ ਰਕਾਬ ਗੰਜ ਸਾਹਿਬ ਵਿੱਚ ਅੰਮ੍ਰਿਤ ਸੰਚਾਰ ਦਾ ਪ੍ਰੋਗਰਾਮ ਵੀ ਹੋਵੇਗਾ ਜੋ ਸੰਗਤ ਅੰਮ੍ਰਿਤਪਾਨ ਕਰਨ ਦੀ ਇੱਛੁਕ ਹੋ ਉਹ ਕੇਸ਼ੀ ਇਸ਼ਨਾਨ ਕਰਕੇ ਤਿਆਰ ਹੋਕੇ ਪਹੁੰਚੇ ਕਕਾਰ ਉਨ੍ਹਾਂ ਨੂੰ ਕਮੇਟੀ ਵੱਲੋਂ ਦਿੱਤੇ ਜਾਣਗੇ। ਸ੍ਰੀ ਜਸਪ੍ਰੀਤ ਸਿੰਘ ਕਰਮਸਰ ਨੇ ਦੱਸਿਆ ਕਿ ਦਿੱਲੀ ਦੇ ਵੱਖ ਵੱਖ ਹਿੱਸਿਆਂ ਤੋਂ ਸੰਗਤ ਪ੍ਰਭਾਤ ਫੇਰੀ ਦੇ ਰੂਪ ਵਿੱਚ ਵੀ 28 ਤਾਰੀਖ ਨੂੰ ਸਵੇਰੇ ਗੁਰਦੁਆਰਾ ਬੰਗਲਾ ਸਾਹਿਬ ਪਹੁੰਚੇਗੀ ਜਿਨ੍ਹਾਂ ਦਾ ਕਮੇਟੀ ਵੱਲੋਂ ਸਵਾਗਤ ਕੀਤਾ ਜਾਵੇਗਾ।

# ਆਪ ਆਗੂ ਸੋਹੀ ਨੂੰ ਸਦਮਾਂ ਮਾਤਾ ਪ੍ਰੀਤਮ ਕੌਰ ਦਾ ਦੇਹਾਂਤ, ਵੱਖ ਵੱਖ ਆਗੂਆਂ ਵੱਲੋਂ ਦੁੱਖ ਦਾ ਪ੍ਰਗਟਾਵਾ, ਭੋਗ 31 ਜੁਲਾਈ ਨੂੰ



ਧੂਰੀ ( ਰਣਜੀਤ ਸਿੰਘ ਪੇਧਨੀ )ਸ. ਬਲਦੇਵ ਸਿੰਘ ਸੋਹੀ ਅਤੇ ਆਪ ਆਗੂ ਸ਼ਮਸ਼ੇਰ ਸਿੰਘ ਸੋਹੀ ਦੇ ਸਤਿਕਾਰਯੋਗ ਮਾਤਾ ਜੀ ਮਾਤਾ ਪ੍ਰੀਤਮ ਕੌਰ ਪਤਨੀ ਸਵ: ਸ. ਰਣਜੀਤ ਸਿੰਘ ਸਾਬਕਾ ਸਰਪੰਚ, ਨਵਜੋਤ ਸਿੰਘ ਸੋਹੀ ਪੋਤਰਾ,ਸਹਿਜਪ੍ਰੀਤ ਕੌਰ ਆਸਟਰੇਲੀਆ ਪੋਤਰੀ ਅਵਨੂਰ ਕੌਰ ਪੜਪੋਤੀ, ਹਰਵਿੰਦਰ ਕੌਰ ਨੂੰਹ, ਪਰਮਜੀਤ ਕੌਰ ਨੂੰਹ, ਇੰਦਰਜੀਤ ਕੌਰ ਭਤੀਜ ਨੂੰਹ, ਬਲਜੀਤ ਕੌਰ ਭਤੀਜ ਨੂੰਹ ਮਨਦੀਪ ਕੌਰ ਪੋਤ ਨੂੰਹ ,ਮੇਜਰ ਸਿੰਘ ਸੋਹੀ ਹਰਦੀਪ ਸਿੰਘ ਸੋਹੀ ਮਨਪ੍ਰੀਤ ਸਿੰਘ ਸੋਹੀ ਪਰਿਵਾਰ ਨੂੰ ਅਚਾਨਕ ਸਦੀਵੀ ਵਿਛੋੜਾ ਤੇ ਗਏ ਹਨ। ਪਰਿਵਾਰ ਦੇ ਨਾਲ ਇਸ ਦੁੱਖ ਦੀ ਘੜੀ ਵਿੱਚ ਦੁੱਖ ਦਾ ਪ੍ਰਗਟਾਵਾ ਕਰਨ ਵਾਲਿਆਂ ਪੰਜਾਬ ਦੇ ਮੁੱਖ ਮੰਤਰੀ ਸ, ਭਗਵੰਤ ਸਿੰਘ ਮਾਨ, ਡਾਕਟਰ ਗੁਰਪ੍ਰੀਤ ਕੌਰ ਪਤਨੀ ਮੁੱਖ ਮੰਤਰੀ ਪੰਜਾਬ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਪ੍ਰੋਫੈਸਰ ਓਂਕਾਰ ਸਿੰਘ ਓਐਸਡੀ ਮੁੱਖ ਮੰਤਰੀ ਪੰਜਾਬ, ਅੰਮ੍ਰਿਤ ਬਰਾੜ ਦਫਤਰ ਇੰਚਾਰਜ ਸੀਐਮ ਧੂਰੀ, ਸ, ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ, ਸਪੋਰਟਸ ਵਿੰਗ ਦੇ ਸਟੇਟ ਸੈਕਟਰੀ ਅਮਰਦੀਪ ਸਿੰਘ ਧਾਦਰਾਂ, ਡਾਕਟਰ ਅਨਵਰ ਭਸੌੜ ਮੈਂਬਰ ਵਕਫ ਬੋਰਡ ਪੰਜਾਬ, ਆਪ ਆਗੂ ਜਸਵੀਰ ਸਿੰਘ ਜੱਸੀ, ਚੈਅਰਮੈਨ ਸਤਿੰਦਰ ਸਿੰਘ ਚੱਠਾ, ਚੈਅਰਮੈਨ ਸ੍ਰੀ ਅਸ਼ੋਕ ਕੁਮਾਰ ਲੱਖਾ, ਬਲਾਕ ਪ੍ਰਧਾਨ ਗੁਰਤੇਜ ਸਿੰਘ ਕੱਕੜਵਾਲ, ਬਲਾਕ ਪ੍ਰਧਾਨ ਗਗਨ ਜਵੰਧਾ ,ਬਲਾਕ ਪ੍ਰਧਾਨ ਤੀਰਥ ਸਿੰਘ ਗਿੱਲ, ਬਲਾਕ ਪ੍ਰਧਾਨ ਗੁਰਚਰਨ ਸਿੰਘ ਬੈਨੜਾ, ਜਗਸੀਰ ਸਿੰਘ ਜੱਗਾ , ਸਰਪੰਚ ਸੁਖਦੀਪ ਸਿੰਘ ਚੀਮਾ, ਆਪ ਆਗੂ ਗੁਰਜੰਟ ਸਿੰਘ ਭੜੀ, ਅਮਰੀਕ ਸਿੰਘ ਸੋਹੀ ਭੋਜੋਵਾਲੀ ,ਪੱਤਰਕਾਰ ਰਣਜੀਤ ਸਿੰਘ ਪੇਧਨੀ ਆਦਿ ਆਗੂਆਂ ਨੇ ਜਿੱਥੇ ਪਰਿਵਾਰ ਦੇ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ, ਉਥੇ ਪਰਮਾਤਮਾ ਦੇ ਅੱਗੇ ਅਰਦਾਸ ਕੀਤੀ ਕਿ ਪਰਮਾਤਮਾ ਮਾਤਾ ਪ੍ਰੀਤਮ ਕੌਰ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ । ਮਾਤਾ ਪ੍ਰੀਤਮ ਕੌਰ ਜੀ ਦੀ ਅੰਤਿਮ ਅਰਦਾਸ ਪਿੰਡ ਕੰਧਾਰਗੜ੍ਹ ਛੰਨਾ ਵਿਖੇ 12 ਵਜੇ ਤੋਂ 1 ਵਜੇ ਤੱਕ 31 ਜੁਲਾਈ ਦਿਨ ਬੁੱਧਵਾਰ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ । ਆਪ ਜੀ ਨੂੰ ਸੋਹੀ ਪਰਿਵਾਰ ਵੱਲੋਂ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਮਾਤਾ ਜੀ ਨੂੰ ਸ਼ਰਧਾਂਜਲੀ ਭੇਂਟ ਕਰਨ ਦੇ ਲਈ ਆਪ ਆਪਣੇ ਕੀਮਤੀ ਸਮੇਂ ਚੋ ਸਮਾਂ ਕੱਢ ਕੇ ਜਰੂਰ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ।

### ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਕੋਲ

# ਵਿਦਿਆਰਥੀਆਂ ਨੂੰ ਮਿਲਣ ਦਾ ਸਮਾਂ ਨਹੀਂ ਹੈ-ਵਿਦਿਆਰਥੀ ਜਥੇਬੰਦੀਆਂ





**ਅੰਮ੍ਰਿਤਸਰ, 24 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਪੇਂਡੂ ਅਤੇ ਸਰਹੱਦੀ ਵਿਦਿਆਰਥੀਆਂ ਲਈ ਦਾਖਲੇ ਵਿੱਚ ਖਤਮ ਕੀਤੇ ਕੋਟੇ ਅਤੇ ਲਗਾਤਾਰ ਫੀਸਾਂ ਦੇ ਵਾਧੇ ਦੇ ਵਿਰੋਧ ਵਿੱਚ ਸੰਘਰਸ਼ ਕਰ ਰਹੀਆਂ ਵਿਦਿਆਰਥੀ ਜਥੇਬੰਦੀਆਂ ਉਪ ਕੁਲਪਤੀ ਦਫਤਰ ਦੇ ਬਾਹਰ ਸੰਕੇਤਕ ਧਰਨਾ ਦਿੱਤਾ ਪੋਸਟਰਾਂ ਉਤੇ ਲਿਖਿਆ, "ਵੀਸੀ ਸਾਬ ਦਰਸ਼ਨ ਦਵੋ"।ਇਸ ਮੌਕੇ ਵਿਦਿਆਰਥੀਆਂ ਨੇ ਦੋਸ਼ ਲਾਉਂਦਿਆ ਕਿਹਾ ਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ ਜਸਪਾਲ ਸਿੰਘ ਸਿੱਧੂ ਵਿਦਿਆਰਥੀਆਂ ਨੂੰ ਮਿਲਣ ਤੋਂ ਨਾਂਹ ਕਰਦੇ ਹਨ।ਜਦੋਂ ਵੀ ਵਿਦਿਆਰਥੀ ਕੋਈ ਮੁਸ਼ਿਕਲ ਲੈ ਕੇ ਜਾਂਦੇ ਹਨ ਕਹਿ ਦਿੱਤਾ ਜਾਂਦਾ ਹੈ ਕਿ ਡੀਨ ਜਾਂ ਰਜਿਸ਼ਟਰਾਰ ਨਾਲ ਗੱਲ ਕਰੋ।ਅਜਿਹਾ ਵਰਤਾਉ ਵਿਦਿਆਰਥੀਆਂ ਦੇ ਮਨ ਨੂੰ ਠੇਸ ਪਹੁੰਚਾਉਦਾ ਹੈ।ਇਸ ਮੌਕੇ ਵਿਦਿਆਰਥੀਆਂ ਆਗੂਆਂ ਨੇ ਕਿਹਾ ਕਿ ਸਾਨੂੰ ਡਾ ਜਸਪਾਲ ਸਿੰਘ ਸਿੱਧੂ ਨੂੰ ਮਿਲਣ ਦਾ ਕੋਈ ਸ਼ੌਕ ਨਹੀਂ ਹੈ। ਅਸੀਂ ਵਿਦਿਆਰਥੀ ਮਸਲਿਆਂ ਨੂੰ ਲੈ ਕੇ ਇਕ ਉਪ ਕੁਲਪਤੀ ਦੀ ਪਦਵੀ ਕਰਕੇ ਮਿਲਣ ਦੀ ਕੋਸ਼ਿਸ਼ ਕਰਦੇ ਹਾਂ। ਪਰ ਉਹਨਾਂ ਦਾ ਵਿਹਾਰ ਇਕ ਤਾਨਾਸ਼ਾਹ ਵਰਗਾ ਹੈ। ਜੋ ਆਪਣੀ ਮਰਜੀ ਦੇ ਫੈਸਲੇ ਲੈਣ ਲੱਗਿਆ ਵਿਦਿਆਰਥੀਆਂ ਅਤੇ ਉਹਨਾਂ ਦੇ ਪਰਿਵਾਰਾਂ ਦੀ ਆਰਥਿਕ ਹਾਲਤ ਦੀ ਪਰਵਾਹ ਨਹੀਂ ਕਰਦਾ। ਇਸ ਮੌਕੇ ਵਿਦਿਆਰਥੀ ਆਗੂ ਜੁਗਰਾਜ ਸਿੰਘ ਨੇ ਕਿਹਾ ਕੇ ਯੂਨੀਵਰਸਿਟੀ ਚਲਾਉਣਾ ਸਰਕਾਰ ਦਾ ਕੰਮ ਹੈ। ਯੂਨੀਵਰਸਿਟੀ ਦੇ ਖਰਚੇ ਪੂਰੇ ਕਰਨ ਲਈ ਵਿਦਿਆਰਥੀਆਂ ਤੇ ਵਿੱਤੀ ਬੋਝ ਪਾਉਣਾ ਨਜਾਇਜ਼ ਹੈ।ਸਾਡੇ ਇਲਾਕੇ ਦੇ ਲੋਕ ਬਹੁਤੇ ਅਮੀਰ ਨਹੀਂ ਹਨ। ਸਰਕਾਰ ਸਸਤੀ ਤੇ ਮਿਆਰੀ ਵਿੱਦਿਆ ਦਾ ਵਾਅਦਾ ਕਰਦੀ ਹੈ। ਪਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਹਰ ਸਾਲ 5% ਦਰ ਨਾਲ ਫੀਸ ਦਾ ਵਾਧਾ ਹੁੰਦਾ ਹੈ। ਜੇਕਰ ਇਹ ਲਗਾਤਾਰ ਇੰਝ ਹੀ ਚਲਦਾ ਰਿਹਾ ਇਹ ਯੂਨੀਵਰਸਿਟੀ ਦੁਨੀਆਂ ਦੀ ਸਭ ਤੋਂ ਮਹਿੰਗੀ ਯੂਨੀਵਰਸਿਟੀ ਬਣ ਜਾਵੇਗੀ। ਇਸ ਇਲਾਕੇ ਦੇ ਮਧਵਰਗੀ ਲੋਕ ਇਸ ਯੂਨੀਵਰਸਿਟੀ ਵਿੱਚ ਪੜ ਨਹੀ ਸਕਣਗੇ। ਇਸ ਮੌਕੇ ਵਿਦਿਆਰਥੀ ਜਥੇਬੰਦੀ ਯੂਨਾਇਟਡ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਸੱਥ ਆਗੂ ਮੌਜੂਦ ਰਹੇ।

### ਮੋਦੀ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਵਿਰੁੱਧ ਵਿੱਢਾਂਗੇ ਤਿੱਖਾ ਘੋਲ : ਕਾਮਰੇਡ ਪਾਸਲਾ

# ਪੰਜਾਬ ਨਾਲ ਧੱਕੇ-ਵਿਤਕਰੇ ਦੇ ਖਾਤਮੇ ਲਈ ਪੰਜਾਬੀਆਂ ਦੀ ਸਾਂਝੀ ਲਹਿਰ ਉਸਾਰਾਂਗੇ: ਸੇਖੋਂ

**▌ ਆਪ ਸਰਕਾਰ ਦੀਆਂ ਵਾਅਦਾ ਖਿਲਾਫੀਆਂ ਤੇ ਚੌਤਰਫਾ ਨਾਕਾਮੀਆਂ ਖਿਲਾਫ਼ ਲੜਾਂਗੇ: ਜਾਮਾਰਾਏ • ਘੋਲ ਦੀ ਠੋਸ ਸ਼ੁਰੂਆਤ 2 ਤੋਂ 7 ਸਤੰਬਰ 2024 ਤੱਕ ਪੰਜਾਬ ਦੇ ਮੰਤਰੀਆਂ/ਵਿਧਾਇਕਾਂ ਅਤੇ ਸੰਸਦ ਮੈਂਬਰਾਂ ਦੇ ਘਰਾਂ ਮੂਹਰੇ ਵਿਸ਼ਾਲ ਜਨਤਕ ...**





ਸੰਗਰੂਰ, 25 ਜੁਲਾਈ (ਆਵਾਜ਼ਿ ਕੌਮ ਬਿਊਰੋ) - ਭਾਰਤ ਦੀ ਮਾਰਕਸਵਾਦੀ ਕਮਿਊਨਿਸਟ ਪਾਰਟੀ-ਯੂਨਾਈਟਡ (ਐਮ.ਸੀ.ਪੀ.ਆਈ.ਯੂ) ਅਤੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) 'ਤੇ ਆਧਾਰਿਤ 'ਕਮਿਊਨਿਸਟ ਕੋ-ਆਰਡੀਨੇਸ਼ਨ ਕਮੇਟੀ (ਸੀ. ਸੀ ਸੀ ) ਵਲੋਂ ਅੱਜ ਇੱਥੋਂ ਦੀ ਦਾਣਾ ਮੰਡੀ ਵਿਖੇ ਸਾਥੀ ਮਲਕੀਤ ਸਿੰਘ ਵਜੀਦ ਕੇ, ਨਰੰਜਣ ਸਿੰਘ ਸਫੀਪੁਰ, ਸੁਰਿੰਦਰ ਪਾਲ ਕੌਰ ਜੈਪਾਲ ਅਤੇ ਗੁਰਤੇਜ ਸਿੰਘ ਜਨਾਲ ਦੀ ਪ੍ਰਧਾਨਗੀ ਹੇਠ ਪ੍ਰਭਾਵਸ਼ਾਲੀ ਸੂਬਾਈ ਕਨਵੈਨਸ਼ਨ ਕੀਤੀ ਗਈ। ਕਨਵੈਨਸ਼ਨ ਦਾ ਮਨੋਰਥ ਸਾਂਝਾ ਕਰਦਾ ਮੁੱਖ ਮਤਾ ਸਾਥੀ ਰਘਬੀਰ ਸਿੰਘ ਬੈਨੀਪਾਲ ਨੇ ਪੇਸ਼ ਕੀਤਾ। ਮੰਚ ਸੰਚਾਲਕ ਦੇ ਫਰਜ ਸਾਥੀ ਊਧਮ ਸਿੰਘ ਸੰਤੋਖਪੁਰਾ ਨੇ ਨਿਭਾਏ। ਮਤੇ ਰਾਹੀਂ ਭਾਜਪਾ ਦੇ ਵਿਚਾਰਧਾਰਕ ਆਕਾ, ਰਾਸ਼ਟਰੀ ਸੋਇਮ ਸੇਵਕ ਸੰਘ (ਆਰ.ਐਸ.ਐਸ.) ਦੇ ਭਾਰਤ ਅੰਦਰ ਧਰਮ ਆਧਾਰਤ ਕੱਟੜ ਹਿੰਦੂ ਰਾਸ਼ਟਰ ਕਾਇਮ ਕਰਨ ਦੇ ਤਬਾਹਕੁੰਨ ਮਨਸੂਬਿਆਂ ਕਾਰਨ ਗੁਰੂ ਸਾਹਿਬਾਨ ਅਤੇ ਹੋਰ ਮਹਾਨ ਰਹਿਬਰਾਂ ਵਲੋਂ ਪੇਸ ਕੀਤੇ ਗਏ ਸਾਂਝੀਵਾਲਤਾ ਦੇ ਮਾਨਵਤਾਵਾਦੀ ਸੰਕਲਪ ਅਤੇ ਦੇਸ਼ ਦੀ ਏਕਤਾ-ਅਖੰਡਤਾ ਲਈ ਭਵਿੱਖ ਵਿੱਚ ਨਿੱਕਲਣ ਵਾਲੇ ਭਿਆਨਕ ਸਿੱਟਿਆਂ ਤੋਂ ਲੋਕਾਈ ਨੂੰ ਸੁਚੇਤ ਕਰਨ ਹੋਣ ਦਾ ਸੱਦਾ ਦਿੱਤਾ ਗਿਆ ਹੈ। ਨਾਲ ਹੀ ਭਾਰਤੀ ਲੋਕਾਈ ਦਾ ਜੀਵਨ ਤਬਾਹ ਕਰ ਰਹੀਆਂ ਮੋਦੀ-03 ਸਰਕਾਰ ਦੀਆਂ ਲੋਕ ਮਾਰੂ, ਦੇਸ਼ ਵਿਰੋਧੀ ਨਵ-ਉਦਾਰਵਾਦੀ ਨੀਤੀਆਂ ਰੱਦ ਕਰਨ ਲਈ ਜਾਰੀ ਲੋਕ ਸੰਗਰਾਮ ਨੂੰ ਹੋਰ ਪ੍ਰਚੰਡ ਕਰਨ ਦੀ ਅਪੀਲ ਕੀਤੀ ਗਈ ਹੈ। ਘੋਲ ਦੀ ਠੋਸ ਸ਼ੁਰੂਆਤ 2 ਤੋਂ 7 ਸਤੰਬਰ 2024 ਤੱਕ ਪੰਜਾਬ ਦੇ ਮੰਤਰੀਆਂ/ਵਿਧਾਇਕਾਂ ਅਤੇ ਸੰਸਦ ਮੈਂਬਰਾਂ ਦੇ ਘਰਾਂ ਮੂਹਰੇ ਵਿਸ਼ਾਲ ਜਨਤਕ ਧਰਨੇ ਮਾਰ ਕੇ ਕੀਤੀ ਜਾਵੇਗੀ। ਧਰਨਿਆਂ ਦੀ ਸਫਲਤਾ ਲਈ ਸੁਤੰਤਰਤਾ ਦਿਵਸ ਦੀ ਵਰ੍ਹੇਗੰਢ 15 ਅਗਸਤ ਤੋਂ ਲੈ ਕੇ 31ਅਗਸਤ ਤੱਕ ਪਿੰਡਾਂ/ਸ਼ਹਿਰਾਂ ਦੇ ਲੋਕਾਂ ਅੰਦਰ ਜਨ ਸੰਪਰਕ ਮੁਹਿੰਮ ਚਲਾਈ ਜਾਵੇਗੀ। ਸਰਵਸੰਮਤੀ ਨਾਲ ਪਾਸ ਕੀਤੇ ਇਕ ਮਤੇ ਰਾਹੀਂ ਸਮੂਹ ਪੰਜਾਬ ਵਾਸੀਆਂ ਨੂੰ ਧਰਮਾਂ-ਜਾਤਾਂ ਦੇ ਵਖਰੇਵਿਆਂ ਤੋਂ ਉੱਪਰ ਉੱਠ ਕੇ ਕੇਂਦਰੀ ਏਜੰਸੀਆਂ ਅਤੇ ਅਪਰਾਧਿਕ ਪਿਛੋਕੜ ਵਾਲੇ ਦੇਸ਼ ਵਿਰੋਧੀ ਤੱਤਾਂ ਦੀਆਂ ਪੰਜਾਬ ਦੇ ਅਮਨ-ਚੈਨ ਨੂੰ ਲਾਂਬੂ ਲਾਉਣ ਦੀਆਂ ਸਾਜਿਸਾਂ ਨੂੰ ਕਰਨ ਦਾ ਸੱਦਾ ਦਿੱਤਾ ਗਿਆ ਹੈ। ਦੋਹਾਂ ਪਾਰਟੀਆਂ ਦੇ ਕੇਂਦਰੀ ਤੇ ਸੂਬਾਈ ਨੇਤਾਵਾਂ ਪ੍ਰੋਫੈਸਰ ਜੈਪਾਲ ਸਿੰਘ, ਹਰਮੇਲ ਸਿੰਘ ਮਹਿਰੋਕ, ਸੱਜਣ ਸਿੰਘ, ਲਾਲ ਚੰਦ ਸਰਦੂਲਗੜ੍ਹ, ਪੂਰਨ ਚੰਦ ਨਨਹੇੜਾ ਸਰਬਜੀਤ ਸਿੰਘ ਵੜੈਚ, ਦੇਵ ਰਾਜ ਵਰਮਾ, ਮੱਖਣ ਸਿੰਘ ਜਖੇਪਲ ਨੇ ਵੀ ਵਿਚਾਰ ਰੱਖੇ।ਇਸ ਸਮੇਂ ਸਾਥੀ ਦਲੀਪ ਸਿੰਘ ਘਾਬਦਾਂ, ਪਰਮਜੀਤ ਸਿੰਘ, ਜਗਦੀਸ਼ ਚੰਦਰ, ਹਰਨੇਕ ਸਿੰਘ ਗੁੱਜਰਵਾਲ, ਗੁਰਮੇਜ ਲਾਲ ਗੇਜੀ, ਜਗਤਾਰ ਸਿੰਘ ਚਕੋਹੀ, ਹਰੀ ਸਿੰਘ ਢੀਂਡਸਾ, ਅਮਰਜੀਤ ਸਿੰਘ ਕੁੱਕੂ ਮੰਚ 'ਤੇ ਸੁਸ਼ੋਭਿਤ ਸਨ।

# ਹਾਈ ਰਿਸਕ ਗਰਭਵਤੀ ਔਰਤਾਂ ਦਾ ਰੱਖਿਆ ਜਾਵੇ ਖਿਆਲ: ਡਾ. ਕਿਰਪਾਲ ਸਿੰਘ



**ਸੰਗਰੂਰ, 25 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸਿਵਲ ਸਰਜਨ ਡਾ. ਕਿਰਪਾਲ ਸਿੰਘ ਦੀ ਅਗਵਾਈ ਹੇਠ ਜ਼ਿਲ੍ਹਾ ਪੱਧਰੀ ਮਾਤਰੀ ਮੌਤ ਰੀਵਿਊ ਕਮੇਟੀ ਦੀ ਮੀਟਿੰਗ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾ. ਕਿਰਪਾਲ ਸਿੰਘ ਨੇ ਸਮੂਹ ਕਮੇਟੀ ਮੈਂਬਰਾਂ ਨੂੰ ਮਾਤਰੀ ਮੌਤ ਦਰ ਘਟਾਉਣ ਲਈ ਅਹਿਮ ਉਪਰਾਲੇ ਕਰਨ ਲਈ ਕਿਹਾ। ਉਹਨਾਂ ਕਿਹਾ ਕਿ ਹਰ ਇਕ ਗਰਭਵਤੀ ਦੇ ਜਣੇਪੇ ਨੂੰ ਸੁਰੱਖਿਅਤ ਬਣਾਉਣ ਲਈ ਗਰਭਵਤੀ ਦੇ ਜਣੇਪੇ ਸਬੰਧੀ ਸੱਤਵੇਂ ਮਹੀਨੇ ਤੋਂ ਹੀ ਉਸਦੀ ਡਲਿਵਰੀ ਸਬੰਧੀ ਪਲਾਨ ਬਣਾਇਆ ਜਾਵੇ ਤੇ ਇਸ ਸਬੰਧੀ ਗਰਭਵਤੀ ਤੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਜਾਣੂ ਕਰਵਾਇਆ ਜਾਵੇ, ਔਰਤ ਦੇ ਖਾਣ ਪੀਣ ਅਤੇ ਉਸਦੇ ਟੀਕਾਕਰਨ ਸਬੰਧੀ ਉਸਨੂੰ ਜਾਗਰੂਕ ਕੀਤਾ ਜਾਵੇ। ਉਹਨਾਂ ਹਾਈ ਰਿਸਕ ਗਰਭਵਤੀ ਔਰਤਾਂ ਤੇ ਵੱਧ ਧਿਆਨ ਦੇਣ ਦੀ ਹਿਦਾਇਤ ਕਰਦਿਆਂ ਕਿਹਾ ਕਿ ਉਹ ਹਰ ਲੋੜਵੰਦ ਹਾਈ ਰਿਸਕ ਗਰਭਵਤੀਆਂ ਨੂੰ ਉਹਨਾਂ ਦੇ ਘਰਾਂ ਅੰਦਰ ਲੋੜੀਂਦੀਆਂ ਸੰਭਵ ਸਿਹਤ ਸੇਵਾਵਾਂ ਉਪਲਬਧ ਕਰਾਉਣੀਆਂ ਯਕੀਨੀ ਬਣਾਉਣ ਅਤੇ ਉਨਾ ਦਾ ਜਣੇਪਾ ਢੁਕਵੀਂ ਸਿਹਤ ਸੰਸਥਾਂ ਵਿਚ ਕਰਵਾਉਣ ਲਈ ਉਨ੍ਹਾਂ ਨੂੰ ਉਤਸ਼ਾਹਿਤ ਕਰਨ ਤਾਂ ਜੋ ਐਮਰਜੰਸੀ ਹਾਲਾਤ ਪੈਦਾ ਹੀ ਨਾ ਹੋਣ। ਉਨ੍ਹਾਂ ਕਿਹਾ ਕਿ ਮਾਤਰੀ ਮੌਤ ਦੇ ਕਈ ਕਾਰਣ ਜਿਵੇਂ ਗਰਭਵਤੀ ਮਾਵਾਂ ਨੂੰ ਗੁੰਝਲਦਾਰ ਜਣੇਪਾ ਹੋਣ ਤੇ ਉਚੇਰੇ ਹਸਪਤਾਲ ਵਿੱਚ ਜਣੇਪਾ ਕਰਵਾਉਣ ਲਈ ਰੈਫਰ ਕਰਨ ਤੇ ਔਰਤ ਵੱਲੋਂ ਹਸਪਤਾਲ ਨਾ ਜਾਣਾ, ਗਰਭਵਤੀ ਔਰਤ ਵੱਲੋਂ ਕੋਈ ਪੁਰਾਣੀ ਬਿਮਾਰੀ ਹੋਣ ਤੇ ਉਸ ਦੀ ਜਾਣਕਾਰੀ ਨਾ ਦੇਣਾ, ਡਲਿਵਰੀ ਤੋਂ ਬਾਅਦ ਜਿਆਦਾ ਖੂਨ ਪੈਣਾ, ਇੰਫੈਕਸ਼ਨ ਹੋਣਾ, ਜਿਆਦਾ ਬਲੱਡ ਪ੍ਰੈਸ਼ਰ ਹੋਣਾ, ਅਸੁੱਰਖਿਅਤ ਅਬਾਰਸ਼ਨ ਆਦਿ ਹੋ ਸਕਦੇ ਹਨ, ਪਰ ਮਾਤਰੀ ਮੌਤ ਦਰ ਨੂੰ ਘਟਾਉਣਾ ਸਾਡਾ ਮੁੱਖ ਟੀਚਾ ਹੈ। ਉਨਾਂ ਨੇ ਕਿਹਾ ਕਿ ਹਾਈ ਰਿਸਕ ਗਰਭਵਤੀ ਔਰਤਾਂ ਦੀ ਲਿਸਟ ਹਰ ਸਮੇਂ ਸਿਹਤ ਸੈਂਟਰ ਵਿੱਚ ਉਪਲੱਬਧ ਹੋਣੀ ਯਕੀਨੀ ਬਣਾਈ ਜਾਵੇ ਅਤੇ ਅਜਿਹੀਆਂ ਔਰਤਾਂ ਦੇ ਸਾਰੇ ਨਿਰਧਾਰਿਤ ਐਂਟੀਨੇਟਲ ਚੈੱਕ-ਅਪ, ਪਹਿਲ ਦੇ ਆਧਾਰ ਤੇ ਕਰਵਾਏ ਜਾਣ। ਉਹਨਾਂ ਕਿਹਾ ਕਿ ਅਜਿਹੀਆਂ ਔਰਤਾਂ ਦੇ ਖਾਣ ਪੀਣ, ਟੀਕਾਕਰਨ ਅਤੇ ਸਿਹਤ ਸਬੰਧੀ ਵਿਸ਼ੇਸ਼ ਤਵੱਜੋ ਦਿੱਤੀ ਜਾਵੇ। ਮੀਟਿੰਗ ਦੌਰਾਨ ਬਲੱਡ ਸਟੋਰੇਜ ਯੂਨਿਟ ਦੀ ਵਰਕਿੰਗ ਸਬੰਧੀ ਰਿਵਿਊ ਵੀ ਕੀਤਾ ਗਿਆ। ਇਸ ਮੌਕੇ ਤੇ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਇੰਦਰਜੀਤ ਸਿੰਗਲਾ, ਔਰਤ ਰੋਗਾਂ ਦੇ ਮਾਹਿਰ ਡਾ. ਹਰਪ੍ਰੀਤ ਕੌਰ ਰੇਖੀ,ਡਾ. ਰਮਨਬੀਰ ਕੌਰ ਬੋਪਾਰਾਏ, ਡਾ. ਆਸਥਾ ਗਰਗ,ਜ਼ਿਲ੍ਹਾ ਮਾਸ ਮੀਡੀਆ ਤੇ ਸੂਚਨਾ ਅਫਸਰ ਕਰਨੈਲ ਸਿੰਘ, ਡੀ. ਪੀ. ਐੱਮ. ਸ਼੍ਰੀਮਤੀ ਵੈਸ਼ਾਲੀ ਬਾਂਸਲ, ਡਿਪਟੀ ਮਾਸ ਮੀਡਿਆ ਤੇ ਸੂਚਨਾ ਅਫਸਰ ਸਰੋਜ ਰਾਣੀ, ਡੀ.ਸੀ.ਐਮ. ਦੀਪਕ ਸ਼ਰਮਾ ਆਦਿ ਹਾਜ਼ਰ ਸਨ।

# ਸਿਹਤ ਸੰਸਥਾਂਵਾ 'ਚ ਨਵਜਨਮੇ ਹਰ ਬੱਚੇ ਦਾ ਕੀਤਾ ਜਾਂਦਾ ਹੈ ਨਿਰੀਖਣ : ਡਾ. ਕਿਰਪਾਲ ਸਿੰਘ



ਸੰਗਰੂਰ, 25 ਜੁਲਾਈ (ਆਵਾਜ਼ਿ ਕੌਮ ਬਿਊਰੋ)- ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸਾ ਅਨੁਸਾਰ ਸਿਵਲ ਸਰਜਨ ਸੰਗਰੂਰ ਡਾ. ਕਿਰਪਾਲ ਸਿੰਘ ਦੀ ਅਗਵਾਈ ਹੇਠ ਰਾਸ਼ਟਰੀ ਬਾਲ ਸਵਾਸਥ ਕਾਰਿਆਕਰਮ ਪ੍ਰੋਗਰਾਮ ਤਹਿਤ ਜਿਲ੍ਹੇ ਦੀਆਂ ਸਮੂਹ ਜਣੇਪਾ ਸੰਸਥਾਵਾਂ ਵਿੱਚ ਕੰਮ ਕਰਦੇ ਡਾਕਟਰਾਂ ਅਤੇ ਸਟਾਫ ਨਰਸਾਂ ਨੂੰ ਟ੍ਰੇਨਿੰਗ ਦਿੱਤੀ ਗਈ। ਇਸ ਟ੍ਰੇਨਿੰਗ ਦਾ ਮੁੱਖ ਮਕਸਦ ਰਾਸ਼ਟਰੀ ਬਾਲ ਸਵਾਸਥ ਕਾਰਿਆਕਰਮ ਸੰਬੰਧੀ ਡਾਕਟਰਾਂ ਅਤੇ ਨਰਸਾਂ ਨੂੰ ਉਹਨਾਂ ਦੀ ਸੰਸਥਾ ਵਿੱਚ ਨਵ ਜਨਮੇ ਬੱਚਿਆਂ ਦੇ ਨੁਕਸਾ ਨੂੰ ਲੱਭਣਾ ਅਤੇ ਸਰਕਾਰ ਵੱਲੋਂ ਉਹਨਾਂ ਦੇ ਮੁਫਤ ਇਲਾਜ ਕਰਨ ਸਬੰਧੀ ਬਣੀਆਂ ਸਕੀਮਾਂ ਬਾਰੇ ਪੂਰਨ ਜਾਣਕਾਰੀ ਦੇਣਾ ਸੀ ਤਾਂ ਜੋ ਲੋੜਬੰਦ ਬੱਚਿਆਂ ਨੂੰ ਲੋੜੀਦੀਆਂ ਸਿਹਤ ਸਹੂਲਤਾਂ ਸਮੇਂ ਸਿਰ ਮਿਲ ਸਕਣ। ਇਸ ਮੌਕੇ ਡਾਕਟਰਾਂ ਤੇ ਨਰਸਾਂ ਨੂੰ ਸੰਬੋਧਨ ਕਰਦੇ ਹੋਏ ਡਾ.ਕਿਰਪਾਲ ਸਿੰਘ ਨੇ ਕਿਹਾ ਕਿ ਨਵਜਾਤ ਬੱਚਿਆਂ ਦੇ ਜਮਾਂਦਰੂ ਨੁਕਸ ਜਿਵੇਂ ਨਿਊਰੋ ਟਿਊਬ ਨੁਕਸ, ਡਾਊਨ ਸਿੰਡਰੋਮ, ਖੰਡੂ ਸੁਮੇਤ ਤਾਲੂਆ, ਟੇਡੇ ਮੇਡੇ ਪੈਰ, ਚਿੱਟਾ ਮੋਤੀਆ ,ਜਮਾਦਰੂ ਬੋਲਾਪਨ ਅਤੇ ਦਿਲ ਦੀਆਂ ਬਿਮਾਰੀਆਂ ਆਦਿ ਸਮੇਤ 30 ਬਿਮਾਰੀਆਂ ਦਾ ਇਲਾਜ ਸਰਕਾਰ ਵੱਲੋਂ ਮੁਫਤ ਕੀਤਾ ਜਾਂਦਾ ਹੈ। ਇਸ ਟਰੇਨਿੰਗ ਵਿੱਚ ਉਹਨਾਂ ਸਟਾਫ ਨੂੰ ਬੱਚਿਆਂ ਦੀਆਂ ਇਹ ਬਿਮਾਰੀਆਂ ਦੀ ਪਹਿਚਾਣ ਅਤੇ ਉਸ ਨੂੰ ਰੈਫਰ ਕਰਨ ਦੇ ਢੰਗ ਤਰੀਕਿਆਂ ਬਾਰੇ ਪੂਰਨ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਲੋੜਵੰਦ ਬੱਚਿਆਂ ਨੂੰ ਸਰਕਾਰ ਦੀਆਂ ਇਹਨਾਂ ਸਕੀਮਾਂ ਦਾ ਲਾਭ ਦਵਾਇਆ ਜਾਵੇ । ਉਹਨਾਂ ਆਮ ਲੋਕਾਂ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਜੇਕਰ ਕੋਈ ਬੱਚਾ ਇਹਨਾਂ ਬਿਮਾਰੀਆਂ ਵਿੱਚੋ ਕਿਸੇ ਵੀ ਬਿਮਾਰੀ ਨਾਲ ਪੀੜਤ ਹੈ ਤਾਂ ਉਹ ਆਂਗਨਵਾੜੀ ਵਰਕਰ, ਅਧਿਆਪਕ, ਨੇੜੇ ਦੀ ਸਿਹਤ ਸੰਸਥਾ ਜਾਂ ਆਰ ਬੀ ਐੱਸ ਕੇ ਟੀਮ ਨਾਲ ਸੰਪਰਕ ਕਰਕੇ ਉਹ ਕਿਸੇ ਵੀ ਸਮੇਂ ਉਸ ਨੂੰ ਉੱਚ ਸਿਹਤ ਸੰਸਥਾ ਵਿੱਚ ਇਲਾਜ਼ ਲਈ ਰੈਫਰ ਕਰਵਾ ਸਕਦੇ ਹਨ। ਇਸ ਮੌਕੇ ਜਿਲਾ ਸਕੂਲ ਹੈਲਥ ਮੈਡੀਕਲ ਅਫਸਰ ਡਾ.ਅਮਨਜੋਤ ਕੌਰ, ਡਾ. ਤਰੁਨ ਆਹੂਜਾ,ਜਿਲਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਕਰਨੈਲ ਸਿੰਘ, ਲਖਬੀਰ ਕੌਰ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਇੰਗਲੈਂਡ ਦੀਆਂ ਕੁਝ ਅਭੁੱਲ ਯਾਦਾਂ

## ਭਾਈ ਨਿਰਵੈਰ ਸਿੰਘ ਅਰਸ਼ੀ







(ਸੱਜਿਉਂ-ਖੱਬੇ) ਗੁਰੂ ਨਾਨਕ ਗੁਰਦੁਆਰਾ ਸਮੈਦਿਕ (ਬਰਮਿੰਘਮ) ਦੇ ਤਤਕਾਲੀ ਪ੍ਰਧਾਨ ਭਾਈ ਦਲਜੀਤ ਸਿੰਘ ਜੀ ਸ਼ੇਰਗਿੱਲ, ਭਾਈ ਰਣਜੀਤ ਸਿੰਘ ਜੀ ਰਾਣਾ (ਐਡੀਟਰ: 'ਸਾਹਿਬ')ਅਤੇ ਨਾਮੀ ਪੱਤਰਕਾਰ ਸ.ਜਗਤ ਸਿੰਘ ਸਮਰਾ ਜੀ ਨਾਲ ਗੁਰੂ ਘਰ ਦੇ ਦਫ਼ਤਰ ਵਿਚ ਲਿਆ ਇਕ ਫੋਟੋ)



ਪੈ ਰਹੀ ਬਰਫ ਦਾ ਇੱਕ ਹੋਰ ਦਿਲਕਸ਼ ਦ੍ਰਿਸ਼



ਗਿਆਨੀ ਪ੍ਰੀਤਮ ਸਿੰਘ ਜੀ , ਲਿਖਾਰੀ, ਦਮਦਮੀ ਟਕਸਾਲ ।



ਗਿਆਨੀ ਕਰਮ ਸਿੰਘ ਜੀ, ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਵਾਲੇ



ਸ. ਜਗਦੀਪ ਸਿੰਘ ਕੰਗ ਤੇ ਜਗਮੀਤ ਸਿੰਘ ਕੰਗ ਨਾਲ ਕਿੰਗਜ਼ ਨਾਰਟਨ, ਬਰਮਿੰਘਮ ਇਲਾਕੇ ਵਿਚ ਬਰਫ਼ਾਨੀ ਮੌਸਮ ਦੇ ਨਜ਼ਾਰੇ ਲੈਂਦੇ ਹੋਏ।



ਸ. ਸਰੂਪ ਸਿੰਘ ਜੀ, ਬਰਮਿੰਘਮ



ਯੂਰਪ ਦੇ ਨਾਮਵਰ ਚਿੰਤਕ ਅਤੇ ਵਿਦਵਾਨ ਪ੍ਰੋਫੈਸਰ ਡਾ. ਅਰਜਨ ਕਿਰਪਾਲ ਸਿੰਘ ਔਜਲਾ, (ਬਰੈਡਫੋਰਡ) ਨਾਲ ਇਕ ਯਾਦਗਾਰੀ ਫੋਟੋ।




ਇੰਗਲੈਂਡ ਦੇ ਸਾਹਿਤਕ ਖੇਤਰ ਦੀਆਂ ਨਾਮਵਰ ਹਸਤੀਆਂ ਡਾ. ਚੰਨਣ ਸਿੰਘ ਜੀ ਚੰਨ ਤੇ ਸ. ਰਣਜੀਤ ਸਿੰਘ ਜੀ ਰਾਣਾ (ਐਡੀਟਰ: 'ਸਾਹਿਬ') ਅਤੇ ਪੰਜਾਬ ਦੀ ਉੱਘੀ ਲੇਖਕ ਤੇ ਸ਼ਾਇਰਾ ਪ੍ਰੋ. ਸਰਬਜੀਤ ਕੌਰ ਸੰਧਾਵਾਲੀਆ (ਪਟਿਆਲਾ ) ਨਾਲ 'ਪੰਜਾਬੀ ਕਲਾ ਮੰਚ' ਦੀ ਇਕ ਵਿਸ਼ੇਸ਼ ਇਕੱਤਰਤਾ ਦੌਰਾਨ ਆਪਣੀਆਂ ਕਾਵਿ ਰਚਨਾਵਾਂ ਪੇਸ਼ ਕਰਦੇ ਹੋਏ।



ਗੁਰਦੁਆਰਾ ਬਾਬਾ ਸੰਗ ਜੀ, ਸਮੈਦਿਕ (ਬਰਮਿੰਘਮ) ਵਿਖੇ ਹੋਏ ਇਕ ਸਮਾਗਮ ਦੌਰਾਨ ਸ. ਗੁਰਦਿਆਲ ਸਿੰਘ ਜੀ ਅਟਵਾਲ (ਕੌਂਸਲਰ: ਬਰਮਿੰਘਮ ਸਿਟੀ ਕੌਂਸਲ) 'ਭਾਈ ਕਾਨ੍ਹ ਸਿੰਘ ਨਾਭਾ ਸੱਭਿਆਚਾਰਕ ਪੁਰਸਕਾਰ-1992' ਦਾਸ ਨੂੰ ਪ੍ਰਦਾਨ ਕਰਦੇ ਹੋਏ।



ਭਾਈ ਰਘਬੀਰ ਸਿੰਘ ਜੀ, 'ਆਵਾਜ਼ਿ-ਕੌਮ ਟੀ,ਵੀ, ਚੈਨਲ' ਵਾਲੇ, ਵਾਲਸਾਲ, ਬਰਮਿੰਘਮ, U.K.



ਪੰਜਾਬੀ ਦੇ ਉੱਘੇ ਸਪਤਾਹਿਕ ਪੇਪਰ 'ਆਵਾਜ਼ਿ-ਕੌਮ ਇੰਟਰਨੈਸ਼ਨਲ' ਦੇ ਬਰਮਿੰਘਮ ਦਫਤਰ ਵਿਚ।



ਬੀ.ਬੀ.ਸੀ. ਰੇਡੀਓ (ਏਸ਼ੀਅਨ ਨੈੱਟਵਰਕ) ਦੇ ਬਰਮਿੰਘਮ ਸਟੂਡੀਓ ਵਿਚ ਪੇਸ਼ਕਾਰੀ ਸਮੇਂ।




ਆਵਾਜ਼ਿ ਕੌਮ
AWAZE QAUM
International Newspaper & WEB TV